ਪੋਠੋਹਾਰੀ ਸ਼ਬਦ-ਕੋਸ਼

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

੧੯੬੦

ਪਹਿਲੀ ਵਾਰ ੧੦੦੦

ਮੁੱਲ : ਰੁਪਏ ੩-੦੫ ਨਵੇਂ ਪੈਸੇ

ਪੋਠੋਹਾਰੀ ਸ਼ਬਦ-ਕੋਸ਼

Harnam Singh Shan
Panjab University Chandigarh

ਪੋਠੋਹਾਰੀ ਸ਼ਬਦ-ਕੋਸ਼

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

੧੯੬੦

ਪਹਿਲੀ ਵਾਰ ੧੦੦੦

ਮੁੱਲ : ਰੁਪਏ ੩-੦੫ ਨਵੇਂ ਪੈਸੇ

ਮਿਲਣ ਦਾ ਪਤਾ :—
ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ,
ਚੰਡੀਗੜ੍ਹ

ਪਰਕਾਸ਼ਕ :—
ਡਾਇਰੈਕਟਰ ਜਨਰਲ, ਭਾਸ਼ਾ ਵਿਭਾਗ, ਪੰਜਾਬ,
ਪਟਿਆਲਾ

ਛਾਪਕ :—
ਤਿਲਕ ਰਾਜ ਸੂਰੀ,
ਚੋਪੜਾ ਪ੍ਰਿੰਟਿੰਗ ਪ੍ਰੈੱਸ,
ਜਲਧਰ ਸ਼ਹਿਰ

ਦੋ ਸ਼ਬਦ

ਸਾਹਿਤ ਕੌਮਾਂ ਦਾ ਇਕ ਵਡਮੁੱਲਾ ਵਿਰਸਾ ਹੁੰਦਾ ਹੈ ਅਤੇ ਭਾਸ਼ਾ ਇਸ ਵਿਰਸੇ ਦੀ ਸੰਭਾਲ ਦਾ ਇੱਕੋ ਇਕ ਸਾਧਨ। ਭਾਸ਼ਾ ਦਾ ਗਿਆਨ ਸਾਹਿਤ ਦੇ ਰਸ ਨੂੰ ਮਿੱਠਾ ਬਣਾ ਦਿੰਦਾ ਹੈ। ਭਾਸ਼ਾ ਦਾ ਭੰਡਾਰ ਉਸ ਦੇ ਸ਼ਬਦ-ਕੋਸ਼ ਹੁੰਦੇ ਹਨ। ਇਨ੍ਹਾਂ ਤੋਂ ਕਿਸੇ ਭਾਸ਼ਾ ਦੀ ਅਮੀਰੀ ਤੇ ਗ਼ਰੀਬੀ ਜਾਣੀ ਜਾਂਦੀ ਹੈ। ਸ਼ਬਦ-ਕੋਸ਼ ਭਾਸ਼ਾ ਦੇ ਨਿਕਾਸ ਤੇ ਵਿਕਾਸ ਨੂੰ ਨਿਰੂਪਣ ਕਰਦੇ ਹਨ। ਇਸ ਲਈ ਇਨ੍ਹਾਂ ਦਾ ਨਿਰਮਾਣ ਇਕ ਬੁਨਿਆਦੀ ਕੰਮ ਹੈ ਜਿਸ ਨੂੰ ਸਾਹਿਤ ਤੇ ਭਾਸ਼ਾ-ਸੇਵੀ ਸਦਾ ਹੀ ਪਹਿਲ ਦੇਣ ਦਾ ਜਤਨ ਕਰਦੇ ਆਏ ਹਨ।

ਪੰਜਾਬੀ ਦਾ ਇਕ ਮੂੰਹ ਚੜ੍ਹਿਆ ਅਖਾਣ ਹੈ ਕਿ ਬੋਲੀ ਬਾਹਰੀਂ ਕੋਹੀਂ ਬਦਲਦੀ ਹੈ। ਇਸ ਦਾ ਪਰਤੱਖ ਮਤਲਬ ਇਹ ਹੈ ਕਿ ਭੂਗੋਲਕ ਅਸਰ ਬੋਲੀ ਦਾ ਮੁਹਾਂਦਰਾ ਢਾਲਣ ਵਿਚ ਅਹਿਮ ਹਿੱਸਾ ਪਾਉਂਦੇ ਹਨ, ਇਸੇ ਲਈ ਹਰੇਕ ਭਰਵੀਂ ਤੇ ਵਿਸ਼ਾਲ ਬੋਲੀ ਦੀਆਂ ਕਈ ਉਪ-ਬੋਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੀ ਹੋਂਦ ਬੋਲੀ ਦੇ ਪੀਢੇ ਤਾਣੇ ਪੇਟੇ ਨੂੰ ਦਰਸਾਉਂਦੀ ਹੈ। ਕਿਸੇ ਬੋਲੀ ਦੇ ਪਰਮਾਣੀਕ ਕੋਸ਼ ਵਿਚ ਉਸ ਦੀਆਂ ਸਾਰੀਆਂ ਉਪ-ਬੋਲੀਆਂ ਦੇ ਸ਼ਬਦਾਂ ਦਾ ਹੋਣਾ ਜਿੱਥੇ ਜ਼ਰੂਰੀ ਹੈ ਉੱਥੇ ਉਪ-ਬੋਲੀਆਂ ਦੀਆਂ ਵਖਰੀਆਂ ਸ਼ਬਦਾਵਲੀਆਂ ਤਿਆਰ ਕਰ ਕੇ ਛਾਪਣੀਆਂ ਵੀ ਇਕ ਮਹੱਤਵ-ਪੂਰਣ ਕੰਮ ਹੈ।

ਪੋਠੋਹਾਰੀ ਸ਼ਬਦ-ਕੋਸ਼ ਇਸ ਆਸ਼ੇ ਨੂੰ ਅਮਲੀ ਰੂਪ ਦੇਣ ਲਈ ਛੇੜਿਆ ਗਿਆ ਸੀ ਜੋ ਹੁਣ ਪੰਜਾਬੀ ਵਿਭਾਗ ਵੱਲੋਂ ਮੁਕੰਮਲ ਕਰ ਦਿੱਤਾ ਗਿਆ ਹੈ। ਨਿਰਸੰਦੇਹ ਪੰਜਾਬੀ ਭਾਸ਼ਾ ਨੂੰ ਇਹ ਇਕ ਬਹੁਮੁੱਲੀ ਦੇਣ ਹੈ। ਮੈਂ ਪੂਰਨ ਆਸ ਕਰਦਾ ਹਾਂ, ਕਿ ਪੰਜਾਬੀ ਵਿਭਾਗ ਇਸੇ ਤਰ੍ਹਾਂ ਆਪਣੇ ਜਤਨ ਜਾਰੀ ਰੱਖੇਗਾ ਤੇ ਸਮੇਂ ਸਮੇਂ ਬਾਕੀ ਰਹਿੰਦੇ ਉਪ-ਬੋਲੀ ਸ਼ਬਦ-ਕੋਸ਼ ਵੀ ਸੰਪੂਰਣ ਕਰਨ ਵਿਚ ਸਫਲ ਹੋਵੇਗਾ। ਇਨ੍ਹਾਂ ਉੱਦਮਾਂ ਦੀ ਸਫਲਤਾ ਸਾਡੇ ਮਹਾਨ ਕਾਰਜ ਪੰਜਾਬੀ-ਪੰਜਾਬੀ ਕੋਸ਼ ਨੂੰ ਮੁਕੰਮਲ ਕਰਨ ਵਿਚ ਵੀ ਬਹੁਤ ਸਹਾਈ ਹੋਵੇਗੀ।

ਲਾਲ ਸਿੰਘ,
ਡਾਇਰੈਕਟਰ ਜਨਰਲ, ਭਾਸ਼ਾ ਵਿਭਾਗ, ਪੰਜਾਬ।

ਪਟਿਆਲਾ,
੧੬-੧੧-੧੯੬੦

ਪੋਠੋਹਾਰੀ ਨਿਰਣਾਇਕ ਬੋਰਡ

★ ★ ★ ★ ★ ★ ★ ★ ★ ★

ਡਾ. ਜੀਤ ਸਿੰਘ 'ਸੀਤਲ'
ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ
ਸ੍ਰੀ ਸਰਬ ਦਿਆਲ ਸਿੰਘ
ਸ੍ਰੀ ਕੀਰਤ ਸਿੰਘ ਕੋਹਲੀ
ਸ੍ਰੀ ਦਰਸ਼ਨ ਸਿੰਘ 'ਅਵਾਰਾ' (ਕਨਵੀਨਰ)

ਮੁਖ ਬੰਧ

ਕੌਮਾਂ ਤੇ ਦੇਸਾਂ ਦਾ ਵੱਡਾ ਤੇ ਅਮਿੱਟ ਸਰਮਾਇਆ ਉਨ੍ਹਾਂ ਦਾ ਸਾਹਿਤ ਹੁੰਦਾ ਹੈ ਅਤੇ ਸਾਹਿਤ ਦਾ ਸਮਾ ਤੇ ਆਧਾਰ ਭਾਸ਼ਾ ਹੁੰਦੀ ਹੈ। ਭਾਸ਼ਾ ਦੀ ਸੁਰੱਖਿਆ ਉਸਦੇ ਸ਼ਬਦ-ਅੰਕਣ ਵਿਚ ਹੈ। ਸ਼ਬਦਾਂ ਦਾ ਇਕੱਤਰ ਜਾਂ ਸੰਗ੍ਰਹਿ ਕਰਨਾ ਭਾਸ਼ਾ-ਵਿਕਾਸ ਦਾ ਮਲ ਕਾਰਜ ਹੈ। ਸ਼ਬਦ-ਕੋਸ਼ ਇਸ ਕਾਰਜ ਦਾ ਸਫਲ ਪਰੀਣਾਮ ਹੁੰਦੇ ਹਨ।

ਅਮੀਰ ਬੋਲੀ ਆਪਣੇ ਬੋਲੇ ਜਾਣ ਵਾਲੇ ਖੇਤਰ ਵਿਚ ਪਹਿਲਾਂ ਕਿਸੇ ਖ਼ਾਸ ਇਲਾਕੇ ਜਾਂ ਪ੍ਰਾਂਤ ਦੀ ਹੱਦ ਤਕ ਸੀਮਤ ਹੁੰਦੀ ਹੈ, ਪਰ ਆਪਣੇ ਪ੍ਰਭਾਵ, ਵਿਸ਼ੇਸ਼ ਗੁਣਾਂ, ਸੁਖੈਨ ਤੇ ਟਕਸਾਲੀ ਉਚਾਰਣ ਕਾਰਨ ਆਪਣੇ ਚਾਰੇ ਪਾਸੇ ਲਗਦੇ ਹੱਦ-ਬੰਨਿਆਂ ਪੁਰ ਵੀ ਛਾ ਜਾਂਦੀ ਹੈ ਤੇ ਆਪਣਾ ਪੁਰਾਣਾ ਜਾਂ ਨਿੱਜੀ ਇਲਾਕਾਈ ਰੂਪ ਤਜ ਦੇਂਦੀ ਹੈ। ਫ਼ਾਰਸੀ ਕਿਸੇ ਵੇਲੇ ਈਰਾਨ ਦੇ ਕੇਵਲ ਫ਼ਾਰਸ ਪ੍ਰਾਂਤ ਦੀ ਬੋਲੀ ਸੀ, ਦੂਜੇ ਪ੍ਰਾਂਤਾਂ ਦੀਆਂ ਬੋਲੀਆਂ ਉਸ ਦੀਆਂ ਉਪ-ਬੋਲੀਆਂ ਸਨ। ਪਰ ਉਹ ਆਪਣੀ ਸ਼ਕਤੀ ਤੇ ਸ਼ੁਹਰਤ ਕਾਰਨ ਸਾਰੇ ਈਰਾਨ ਪੁਰ ਛਾ ਗਈ ਤੇ ਅਜ ਫ਼ਾਰਸੀ ਈਰਾਨ ਦੀ ਰਾਜਸੀ ਬੋਲੀ ਹੈ। ਇਸੇ ਤਰ੍ਹਾਂ ਭਾਰਤ ਵਿਚ ਵਖ ਵਖ ਇਲਾਕਿਆਂ ਜਾਂ ਪ੍ਰਾਂਤਾਂ ਦੀਆਂ ਬੋਲੀਆਂ ਪ੍ਰਾਕ੍ਰਿਤਾਂ ਦੇ ਰੂਪ ਵਿਚ ਭਾਰਤ ਦੇ ਵੱਡੇ ਵੱਡੇ ਭਾਗਾਂ ਪੁਰ ਰਾਜ ਕਰਦੀਆਂ ਰਹੀਆਂ। ਅਜ ਦੀ ਬੋਲੀ ਭੂਤ-ਕਾਲ ਦੀ ਉਪ-ਬੋਲੀ ਸੀ, ਜਾਂ ਇਉਂ ਕਹੋ ਕਿ ਉਪ-ਬੋਲੀ ਹੀ ਅਸਲ ਟਕਸਾਲੀ ਤੇ ਪਰਮਾਣੀਕ ਬੋਲੀ ਨੂੰ ਜਨਮ ਦੇਂਦੀ ਹੈ। ਬੋਲੀ ਤੇ ਉਪ-ਬੋਲੀ ਦਾ ਅਟੁੱਟ ਤੇ ਗਹਿਰਾ ਸਬੰਧ ਹੈ। ਜਿੰਨੀਆਂ ਕਿਸੇ ਬੋਲੀ ਦੀਆਂ ਵਧੇਰੀਆਂ ਉਪ-ਬੋਲੀਆਂ ਹੋਣਗੀਆਂ, ਉਨੀ ਹੀ ਉਹ ਅਮੀਰ, ਵਿਸ਼ਾਲ ਤੇ ਪ੍ਰਭਾਵਸ਼ਾਲੀ ਮੰਨੀ ਜਾਵੇਗੀ। ਪੰਜਾਬੀ ਸ਼ਾਇਦ ਇਸ ਪੱਖ ਤੋਂ ਵਡੀਆਂ ਅਮੀਰ ਬੋਲੀਆਂ ਵਿੱਚੋਂ ਹੈ, ਇਸ ਦੀਆਂ ਅੱਠ ਉਪ-ਬੋਲੀਆਂ ਮੰਨੀਆਂ ਗਈਆਂ ਹਨ।

ਪੰਜਾਬੀ ਵਿਭਾਗ ਦੀ ਮੂਲ ਵਿਉਂਤ ਅਨੁਸਾਰ ਜਿੱਥੇ ਪੰਜਾਬੀ ਦਾ ਇਕ ਸਵਿਸਥਾਰ ਕੋਸ਼ ਤਿਆਰ ਕੀਤਾ ਜਾਣਾ ਨਿਸਚਿਤ ਹੈ ਉਥੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀਆਂ ਸ਼ਬਦਾਵਲੀਆਂ ਦਾ ਸੰਗ੍ਰਹਿ ਕਰਨਾ ਵੀ ਇਸੇ ਕਾਰਯਕ੍ਰਮ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਕੰਮ ਉਨ੍ਹਾਂ ਵਿਸ਼ੇਸ਼ ਇਲਾਕਿਆਂ ਵਿਚ ਫਿਰ ਕੇ ਲੋਕਾਂ ਦੇ ਮੂੰਹਾਂ ਵਿੱਚੋਂ ਬੋਲਦੇ ਸ਼ਬਦਾਂ ਨੂੰ ਇਕੱਠਿਆਂ ਕਰਨ ਨਾਲ ਹੀ ਸੰਭਵ ਜਾਂ ਸਫਲ ਹੋਇਆ ਸਮਝਿਆ ਜਾ ਸਕਦਾ ਹੈ। ਇਸ ਕੰਮ ਲਈ ਉਚੇਚੇ ਉਪ-ਬੋਲੀ ਮਾਹਰ ਨਿਯੁਕਤ ਕੀਤੇ ਗਏ। ਹੁਣ ਤਕ ਅਸੀਂ 'ਪੋਠੋਹਾਰੀ' ਤੇ 'ਪੁਆਧੀ' ਦੇ ਸ਼ਬਦ-ਸੰਗ੍ਰਹਿ ਸੰਪੂਰਨ ਕਰ ਚੁਕੇ ਹਾਂ। ਇਹ ਪਾਠਕਾਂ ਦੇ ਸਾਹਮਣੇ ਹਨ। 'ਮਲਵਈ' ਪੁਰ ਕੰਮ ਹੋ ਰਿਹਾ ਹੈ। 'ਕਾਂਗੜੀ' ਪੁਰ ਵੀ ਵਿਗਿਆਨਕ ਢੰਗ ਨਾਲ ਕੰਮ ਜਾਰੀ ਹੈ। 'ਲਹਿੰਦੀ' ਪੁਰ ਅੰਗ੍ਰੇਜ਼ਾਂ ਵੱਲੋਂ ਪਹਿਲਾਂ ਬਹੁਤ ਕੰਮ ਹੋ ਚੁਕਾ ਹੈ। ਜਿਊਕਸ ਤੇ ਵਿਲਸਨ ਦੇ 'ਲਹਿੰਦਾ ਕੋਸ਼' ਇਸ ਪਾਸੇ ਕੀਤੇ ਗਏ ਚੰਗੇ ਜਤਨਾਂ ਵਿੱਚੋਂ ਕਹੇ ਜਾ ਸਕਦੇ ਹਨ। ਅਸੀਂ ਜਤਨ ਕਰ ਰਹੇ ਹਾਂ ਕਿ ਇਨ੍ਹਾਂ ਕੋਸ਼ਾਂ ਨੂੰ ਵੀ ਮੁੜ ਛਾਪ ਦਿੱਤਾ ਜਾਵੇ। ਜੰਮੂ ਕਸ਼ਮੀਰ ਦੀ ਸਰਕਾਰ ਵੱਲੋਂ 'ਡੋਗਰੀ' ਪੁਰ ਵੀ ਖ਼ਾਸਾ ਨਿੱਗਰ ਕੰਮ ਹੋ ਰਿਹਾ ਹੈ। ਇਸ ਤਰ੍ਹਾਂ ਪੰਜਾਬੀ ਦੀਆਂ ਬਹੁਤ ਸਾਰੀਆਂ ਉਪ-ਭਾਖਾਵਾਂ ਦੇ ਸ਼ਬਦ-ਕੋਸ਼ ਛੇਤੀ ਹੀ ਸਾਡੇ ਸਾਹਮਣੇ ਆ ਜਾਣਗੇ, ਤੇ ਇਉਂ ਸਾਡੀ ਇਸ ਯੋਜਨਾ ਦੀਆਂ ਅੰਤਮ ਕੜੀਆਂ ਪੂਰੀਆਂ ਹੋ ਜਾਣਗੀਆਂ।

ਪੋਠੋਹਾਰੀ ਦਾ ਇਹ ਸ਼ਬਦ-ਕੋਸ਼ ਆਪ ਦੇ ਹੱਥਾਂ ਵਿਚ ਹੈ। ਅਸਾਂ ਆਪਣੇ ਵੱਲੋਂ ਪੂਰਾ ਜਤਨ ਕੀਤਾ ਹੈ ਕਿ ਇਹ ਆਪਣੇ ਆਪ ਵਿਚ ਇਕ ਮੁਕੰਮਲ ਕੋਸ਼ ਹੋਵੇ, ਪਰ ਦੇਸ ਦੀ ਵੰਡ ਉਪਰੰਤ ਦੋ ਵੱਡੀਆਂ ਔਕੜਾਂ ਇਸ ਸ਼ਬਦ-ਸੰਗ੍ਰਹਿ ਦੇ ਰਾਹ ਵਿਚ ਪੇਸ਼ ਆਈਆਂ। ਇਕ ਤਾਂ, ਉਹ ਸਾਰਾ ਇਲਾਕਾ, ਜਿੱਥੋਂ ਦੀ ਇਹ ਉਪ-ਬੋਲੀ ਹੈ, ਪੱਛਮੀ ਪਾਕਿਸਤਾਨ ਵਿਚ ਰਹਿਣ ਕਾਰਨ ਸਾਡੇ ਉਪ-ਬੋਲੀ ਮਾਹਰ ਸ੍ਰੀ ਦਰਸ਼ਨ ਸਿੰਘ 'ਆਵਾਰਾ' ਲਈ ਅਪਹੁੰਚ ਹੋ ਗਿਆ ਅਤੇ ਅਸੀਂ ਬਹੁਤ ਸਾਰੇ ਅਜਿਹੇ ਸ਼ਬਦ ਇਕੱਤਰ ਨਹੀਂ ਕਰ ਸਕੇ, ਜਿਹੜੇ ਪੋਠੋਹਾਰ ਦੇ ਪਿੰਡਾਂ ਵਿਚ ਜਾ ਕੇ ਤੇ ਲੋਕਾਂ ਦੇ ਮੂੰਹੋਂ ਸੁਣ ਕੇ ਇਸ ਸੰਗ੍ਰਹਿ ਵਿਚ ਸੰਕਲਤ ਕੀਤੇ ਜਾ ਸਕਦੇ ਸਨ। ਦੂਜੇ ਉਪਰੋਂ

ਆਏ ਲੋਕ, ਇਕ ਤਾਂ ਦੇਸ਼ ਦੇ ਸਾਰੇ ਪ੍ਰਾਂਤਾਂ ਵਿਚ ਖਿੰਡ-ਪੁੰਡ ਗਏ ਤੇ ਦੂਜਾ ਉਨ੍ਹਾਂ ਦੀ ਬੋਲੀ ਇਸ ਪਾਸੇ ਦੇ ਲੋਕਾਂ ਨਾਲ ਸੰਪਰਕ ਕਾਰਨ ਖ਼ਾਲਸ ਪੋਠੋਹਾਰੀ ਨਾ ਰਹੀ। ਫਿਰ ਵੀ ਸਾਡੇ ਉਪ-ਬੋਲੀ-ਮਾਹਰ ਨੇ ਜਿੱਥੇ ਜਿੱਥੇ ਵੀ ਪੋਠੋਹਾਰੀ ਲੋਕ ਆ ਕੇ ਬੈਠੇ ਉਨ੍ਹਾਂ ਪਾਸ ਜਾ ਜਾ ਸ਼ਬਦਾਂ ਨੂੰ ਇਕੱਠਿਆਂ ਕਰਨ ਦਾ ਪੂਰਾ ਜਤਨ ਕੀਤਾ ਹੈ।

ਆਸ ਹੈ ਸਾਡੇ ਸੁਹਿਰਦ ਪਾਠਕ ਸਾਡੀ ਇਸ ਮਜਬੂਰੀ ਨੂੰ ਮੁਖ ਰੱਖ ਕੇ ਹੀ ਇਸ ਸ਼ਬਦ-ਕੋਸ਼ ਦਾ ਮੁੱਲਅੰਕਣ ਕਰਨਗੇ। ਅਸੀਂ ਪੰਜਾਬੀ ਪਾਠਕਾਂ ਤੇ ਵਿਸ਼ੇਸ਼ ਕਰਕੇ ਉਪ-ਭਾਖਾ ਵਿਗਿਆਨੀਆਂ ਪਾਸ ਬਿਨੈ ਕਰਾਂਗੇ ਕਿ ਉਹ ਸਾਨੂੰ ਵਧ ਤੋਂ ਵਧ ਅਜਿਹੇ ਸ਼ਬਦ ਭੇਜਣ ਦੀ ਕ੍ਰਿਪਾਲਤਾ ਕਰਨਗੇ, ਜਿਹੜੇ ਇਸ ਸ਼ਬਦ-ਕੋਸ਼ ਵਿਚ ਸ਼ਾਮਿਲ ਹੋਣੋ ਕਿਸੇ ਕਾਰਨ ਰਹਿ ਗਏ ਹਨ। ਅਸੀਂ ਉਨ੍ਹਾਂ ਦੇ ਦਿੱਤੇ ਗਏ ਸੁਝਾਉ ਵੀ ਸਤਿਕਾਰ ਸਹਿਤ ਪਰਵਾਨ ਕਰਾਂਗੇ ਤੇ ਹਰ ਸੰਭਵ ਜਤਨ ਕਰਾਂਗੇ ਕਿ ਦੂਜੀ ਐਡੀਸ਼ਨ ਵਿਚ ਇਹ ਸਭ ਸ਼ਾਮਲ ਕਰ ਲਏ ਜਾਣ।

ਇਸ ਕੋਸ਼ ਦੀ ਤਿਆਰੀ ਲਈ ਕੋਸ਼ਕਾਰੀ ਭਾਗ ਸਮੁੱਚੇ ਤੌਰ ਤੇ ਪ੍ਰਸੰਸਾ ਤੇ ਧੰਨਵਾਦ ਦਾ ਹੱਕਦਾਰ ਹੈ, ਜਿਸ ਨੇ ਸਾਨੂੰ ਇਨੇ ਥੋੜੇ ਸਮੇਂ ਵਿਚ ਪੰਜਾਬੀ ਸੰਸਾਰ ਨੂੰ ਅਜਿਹੇ ਵਿਗਿਆਨਕ ਕੋਸ਼ ਪਰਦਾਨ ਕਰਨ ਦਾ ਅਵਸਰ ਬਖ਼ਸ਼ਿਆ।

ਜੀਤ ਸਿੰਘ 'ਸੀਤਲ'
ਡਾਇਰੈਕਟਰ,
ਪੰਜਾਬੀ ਵਿਭਾਗ, ਪੰਜਾਬ

ਪਟਿਆਲਾ,
੧੪ ਨਵੰਬਰ, ੧੯੬੦

ਭੂਮਿਕਾ

ਜਦੋਂ ਕਿਸੇ ਬੋਲੀ ਕੋਲ ਐਨੀ ਅਮੀਰ ਸ਼ਬਦਾਵਲੀ ਨਾ ਹੋਵੇ ਕਿ ਉਸ ਬੋਲੀ ਦਾ ਲਿਖਾਰੀ ਬਿਨਾ ਕਿਸੇ ਰੁਕਾਵਟ ਤੋਂ ਆਪਣੇ ਹਾਵ-ਭਾਵ ਠੀਕ ਠੀਕ ਅਰਥਾਂ ਵਿਚ ਉਸ ਬੋਲੀ ਦੇ ਸ਼ਬਦਾਂ ਰਾਹੀਂ ਪਰਗਟਾ ਸਕੇ ਤਾਂ ਕੁਦਰਤੀ ਗੱਲ ਹੈ ਕਿ ਲਿਖਾਰੀ ਨੂੰ ਉਸ ਬੋਲੀ ਵਿਚ ਲਿਖਣ ਲਈ ਜਾਂ ਤਾਂ ਉਪ-ਬੋਲੀਆਂ ਤੋਂ ਸਹਾਇਤਾ ਲੈਣੀ ਪੈਂਦੀ ਹੈ ਤੇ ਜਾਂ ਫੇਰ ਕਿਸੇ ਦੂਜੀ ਬੋਲੀ ਤੋਂ ਸ਼ਬਦ ਉਧਾਰੇ ਲੈਣੇ ਪੈਂਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਕ ਬੋਲੀ ਦਾ ਆਪਣੀਆਂ ਉਪ-ਬੋਲੀਆਂ ਨਾਲ ਡੂੰਘਾ ਸਬੰਧ ਹੁੰਦਾ ਹੈ ਅਤੇ ਉਪ-ਬੋਲੀਆਂ ਆਪਣੀ ਟਕਸਾਲੀ ਬੋਲੀ ਵਿਚ ਅਜੇਹੇ ਸ਼ਬਦਾਂ ਦਾ ਵਾਧਾ ਕਰਦੀਆਂ ਹਨ ਜਿਹੜੇ ਕਿ ਉਸ ਵਿਚ ਮਿਲਦੇ ਨਾ ਹੋਣ ਪਰ ਉਨ੍ਹਾਂ ਦਾ ਹੋਣਾ ਬੜਾ ਜ਼ਰੂਰੀ ਹੋਵੇ। ਉਪ-ਬੋਲੀ ਦੇ ਅਜੇਹੇ ਸ਼ਬਦਾਂ ਦੀ ਵਿਸ਼ੇਸ਼ਤਾ ਕਰਕੇ ਇਹ ਐਨ ਸੰਭਵ ਹੁੰਦਾ ਹੈ ਕਿ ਮੁਨਾਸਬ ਮੌਕਾ ਮਿਲਣ ਤੇ ਅਜੇਹੀ ਉਪ-ਬੋਲੀ ਇਕ ਬੋਲੀ ਦਾ ਰੂਪ ਧਾਰਨ ਕਰ ਲਵੇ। ਹਰ ਅਮੀਰ ਅਤੇ ਪਰਮਾਣੀਕ ਬੋਲੀ ਜਨਮ ਹੀ ਆਪਣੀਆਂ ਉਪ-ਬੋਲੀਆਂ ਵਿਚੋਂ ਲੈਂਦੀ ਹੈ। ਉਹ ਉਪ-ਬੋਲੀ ਜੋ ਟਕਸਾਲੀ ਜਾਂ ਪਰਮਾਣੀਕ ਬੋਲੀ ਦਾ ਰੂਪ ਧਾਰਨ ਕਰਦੀ ਹੈ ਆਪਣਾ ਨਿੱਜੀ ਉਪ-ਭਾਸ਼ਾਈ-ਗੁਣ, ਜਿਹੜਾ ਕਿ ਉਸ ਦੀਆਂ ਉਚਾਰਣ-ਭੇਦ ਦੀਆਂ ਸਥਾਨਕ ਸਾਂਝੀਆਂ ਵਿਸ਼ੇਸ਼ਤਾਈਆਂ ਕਰਕੇ ਹੁੰਦਾ ਹੈ, ਤਿਆਗ ਕੇ ਹੀ ਅਜਿਹਾ ਕੁਝ ਕਰ ਸਕਦੀ ਹੈ। ਟਕਸਾਲੀ ਬੋਲੀ ਨੂੰ ਅਜਿਹਾ ਰੂਪ ਦੇਣ ਵਿਚ ਚੋਖਾ ਹੱਥ ਉਪ-ਬੋਲੀਆਂ ਦਾ ਹੀ ਹੁੰਦਾ ਹੈ, ਕਿਉਂਕਿ ਸਮੇਂ ਸਮੇਂ ਸਿਰ ਲੋੜ ਪੈਣ ਤੇ ਇਹ ਉਪ-ਬੋਲੀਆਂ ਹੀ ਟਕਸਾਲੀ ਬੋਲੀ ਨੂੰ ਲੋੜੀਂਦੇ ਸ਼ਬਦ ਦਿੰਦੀਆਂ ਹਨ।

ਉਪ-ਭਾਸ਼ਾਵਾਂ ਦੀ ਉੱਪਰ ਦੱਸੀ ਮਹੱਤਤਾ ਨੂੰ ਪਛਾਣਦੇ ਹੋਏ ਪੰਜਾਬੀ-ਵਿਭਾਗ ਦੀਆਂ ਯੋਜਨਾਵਾਂ ਵਿਚ ਜਿੱਥੇ ਪੰਜਾਬੀ-ਕੋਸ਼, ਪੰਜਾਬੀ-ਹਿੰਦੀ-ਕੋਸ਼, ਪੰਜਾਬੀ-ਹਿੰਦੀ-ਉਰਦੂ-ਕੋਸ਼ ਤੇ ਪੰਜਾਬੀ-ਵਿਸ਼ਵ-ਕੋਸ਼ ਆਦਿ ਜੇਹੇ ਕੋਸ਼ ਬਣਾਉਣ ਦੀ ਤਜਵੀਜ਼ ਰੱਖੀ ਗਈ, ਓਥੇ ਪੰਜਾਬੀ ਦੀਆਂ ਵੱਖ ਵੱਖ ਉਪ-ਭਾਸ਼ਾਵਾਂ ਦੇ ਸ਼ਬਦ-ਕੋਸ਼ਾਂ ਦੀ ਰਚਨਾ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਮਹਿਕਮੇ ਵਲੋਂ 'ਪੁਆਧੀ' ਅਤੇ 'ਪੋਠੋਹਾਰੀ' ਦੋਂਹ ਉਪ-ਬੋਲੀਆਂ ਦੇ ਸ਼ਬਦ-ਸੰਗ੍ਰਹਿ ਦਾ ਬੀੜਾ ਚੁਕਿਆ ਗਿਆ। ਇਨ੍ਹਾਂ ਦੋਹਾਂ ਉਪ-ਬੋਲੀਆਂ ਦੇ ਸ਼ਬਦਾਂ ਨੂੰ ਇਕੱਠਾ ਕਰਕੇ ਸੰਚਿਤ ਕਰਨ ਲਈ ਦੋ ਉਪ-ਬੋਲੀ ਮਾਹਰਾਂ ਦੀ ਸੇਵਾ ਲਈ ਗਈ ਜਿਸ ਦਾ ਫਲ ਸਰੂਪ ਅਸੀਂ ਪੰਜਾਬੀ ਪਿਆਰਿਆਂ ਨੂੰ 'ਪੁਆਧੀ' ਅਤੇ 'ਪੋਠੋਹਾਰੀ' ਦੇ ਸ਼ਬਦ-ਕੋਸ਼ ਭੇਟਾ ਕਰ ਰਹੇ ਹਾਂ। ਇਹ ਪਹਿਲਾ ਕੋਸ਼ 'ਪੋਠੋਹਾਰੀ' ਦਾ ਸ਼ਬਦ-ਕੋਸ਼ ਹੈ ਜਿਸ ਨੂੰ ਕਿ ਗ੍ਰੀਅਰਸਨ ਭਾਵੇਂ ਇਕ ਸਵਤੰਤਰ ਉਪ-ਬੋਲੀ ਹੋਣ ਦੀ ਥਾਂ 'ਲਹਿੰਦੀ' ਦੀਆਂ ਉੱਤਰ-ਪੂਰਬੀ ਉਪ-ਭਾਸ਼ਾਵਾਂ ਵਿਚੋਂ ਇਕ ਮੰਨਦਾ ਹੈ। ਇਹ ਠੀਕ ਹੈ ਕਿ 'ਪੋਠੋਹਾਰੀ' ਉੱਤੇ 'ਲਹਿੰਦੀ' ਦਾ ਚੋਖਾ ਪਰਭਾਵ ਹੈ ਪਰ 'ਪੋਠੋਹਾਰੀ' ਆਪਣੇ ਆਪ ਵਿਚ ਇਕ ਸੁਤੰਤਰ ਉਪ-ਬੋਲੀ ਹੈ।

੧੯੪੭ ਦੇ ਮਹਾਨ ਘੱਲੂਘਾਰੇ ਮਗਰੋਂ 'ਪੋਠੋਹਾਰ' ਦੇ ਅਸਲੀ ਤੇ ਮੁਢਲੇ ਵਸਨੀਕਾਂ ਦਾ ਢੇਰ ਹਿੱਸਾ ਆਪਣੀ ਮਾਤ-ਭੂਮੀ ਨੂੰ ਸਦਾ ਲਈ ਖ਼ੈਰਬਾਦ ਕਹਿ ਕੇ ਵਾਘੇ ਦੇ ਦੂਸਰੇ ਪਾਸੇ ਤੀਲਿਆਂ ਵਾਂਗ ਖਿੰਡ ਪੁੰਡ ਗਿਆ। ਕੋਈ ਵਿਸ਼ਾਲ ਹਿੰਦੁਸਤਾਨ ਦੇ ਕਿਸੇ ਕੋਨੇ ਵਿਚ ਜਾ ਵਸਿਆ ਤੇ ਕੋਈ ਕਿਸੇ ਵਿਚ। ਐਨ ਇਹੋ ਹਾਲ ਪੂਰਬੀ ਪੰਜਾਬ ਦੇ ਮਾਲਵੇ, ਪੁਆਧ, ਦੁਆਬੇ, ਮਾਝੇ, ਹਰਿਆਣੇ ਤੇ ਦਿੱਲੀ ਤੋਂ ਉੱਜੜ ਕੇ ਪਾਕਿਸਤਾਨ ਗਏ ਲੱਖਾਂ ਮੁਸਲਮਾਨ ਵਸਨੀਕਾਂ ਦਾ ਹੋਇਆ। ਜਿੱਥੇ ਕਿੱਥੇ ਵੀ ਕਿਸੇ ਇਲਾਕੇ ਦੇ ਲੋਕ ਜਾ ਬੈਠੇ ਓਥੇ ਹੀ ਉਨ੍ਹਾਂ ਦੀ ਬੋਲ ਚਾਲ ਦੀ ਬੋਲੀ ਦਾ ਪਰਭਾਵ ਉਥੋਂ ਦੀ ਸਥਾਨਕ ਬੋਲ ਚਾਲ ਦੀ ਬੋਲੀ ਉੱਤੇ ਪਿਆ। ਵੱਖ ਵੱਖ ਉਪ-ਬੋਲੀਆਂ ਦੇ ਸ਼ਬਦ ਆਪਸ ਵਿਚ ਰਲਗੱਡ ਹੋ ਗਏ ਤੇ ਸਥਾਨਕ ਜ਼ਬਾਨ ਖਿਚੜੀ ਜਿਹੀ ਬਣਨ ਲੱਗ ਪਈ। ਉਨ੍ਹਾਂ ਭੂਗੋਲਕ ਗੁੱਟਾਂ ਦੀ ਹੋਂਦ ਖ਼ਤਰੇ ਵਿਚ ਪੈਣ ਲੱਗੀ, ਜਿਨ੍ਹਾਂ ਨੂੰ ਕਿ ਭਾਸ਼ਾ-ਵਿਗਿਆਨੀਆਂ ਨੇ ਆਪਣੇ ਉਚੇਚੇ ਯਤਨਾਂ ਦੁਆਰਾ ਬੋਲੀ ਦੀਆਂ ਸਾਂਝੀਆਂ ਵਿਸ਼ੇਸ਼ਤਾਈਆਂ ਦੇ ਕਾਰਨ ਮਿਥਿਆ ਸੀ।

ਉੱਪਰ ਦੱਸੀਆਂ ਮਹਾਨ ਇਤਿਹਾਸਕ ਅਦਲਾ ਬਦਲੀਆਂ ਦੇ ਸਮੇਂ ਵਿਚ ਜਾਂ ਤਾਂ ਉਪ-ਬੋਲੀਆਂ ਮਰ ਜਾਂਦੀਆਂ ਹਨ ਜਾਂ ਫੇਰ ਬਾਹਰੋਂ ਆ ਕੇ ਵਸੇ ਲੋਕਾਂ ਦੀ ਬੋਲਚਾਲ ਦੀ ਬੋਲੀ ਅਤੇ ਸਥਾਨਕ ਉਪ-ਬੋਲੀ ਦੇ ਸੰਜੋਗ ਦੁਆਰਾ ਕਿਸੇ ਹੋਰ ਨਵੀਂ ਉਪ-ਬੋਲੀ ਤੇ ਜੰਮ ਪੈਣ ਦੀ ਸੰਭਾਵਨਾ ਅਸਲੀਅਤ ਦਾ ਰੂਪ ਧਾਰਨ ਕਰਨ ਲਗਦੀ ਹੈ। ਆਪਣਾ ਅਸਲੀ ਵਜੂਦ ਉਹੋ ਉਪ-ਬੋਲੀ ਹੀ ਕਾਇਮ ਰਖ ਸਕਦੀ ਹੈ ਜਿਸ ਕੋਲ ਬਲਵਾਨ ਸ਼ਬਦਾਂ ਦਾ ਭੰਡਾਰ ਹੋਵੇ।

ਇਸ ਤਰ੍ਹਾਂ ਵੰਡ ਮਗਰੋਂ ਲੋਕਾਂ ਦੇ ਵਟਾਂਦਰੇ ਨਾਲ ਜੋ ਹਾਲਤ ਉਪ-ਬੋਲੀਆਂ ਦੀ ਹੋਈ ਉਸ ਨੂੰ ਧਿਆਨ ਵਿਚ ਰਖਦੇ ਹੋਏ ਇਹ ਵੀ ਐਨ ਸੰਭਵ ਹੈ ਕਿ ਇਕ ਐਸਾ ਸਮਾਂ ਆ ਜਾਵੇ ਜਦੋਂ ਅਸਲੀ ਉਪ-ਬੋਲੀ ਦੀ ਉਸ ਭੂਗੋਲਕ ਇਕਾਈ ਵਿਚ ਹੀ ਅਸਲੀ ਨੁਹਾਰ ਲੱਭਣੀ ਔਖੀ ਹੋ ਜਾਵੇ। ਇਹੋ ਜੇਹੀ ਸਥਿਤੀ ਵਿਚ ਉਪ-ਬੋਲੀਆਂ ਦੇ ਨਿਰੋਲ ਸ਼ਬਦਾਂ ਨੂੰ ਸਾਂਭ ਲੈਣਾ ਹੀ ਉਚਿਤ ਬਣਦਾ ਹੈ। ਇਸੇ ਸਥਿਤੀ ਦਾ ਜਾਇਜ਼ਾ ਲੈ ਕੇ ਅਸੀਂ ਇਹ ਯਤਨ ਅਰੰਭਿਆ ਹੈ।

ਪੋਠੋਹਾਰੀ ਦਾ ਭੂਗੋਲਕ ਖੇਤਰ

ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੇ ਮਹਾਨ ਕੋਸ਼ ਵਿਚ 'ਪੋਠੋਹਾਰ' ਦੀ ਹਦਬੰਦੀ ਸੰਖੇਪ ਵਿਚ ਇਉਂ ਕਰਦੇ ਹਨ—"ਦਰਿਆ ਜੇਹਲਮ ਅਤੇ ਸਿੰਧ ਦੇ ਮੱਧ ਦਾ ਇਲਾਕਾ, ਜਿਸ ਦਾ ਬਹੁਤਾ ਭਾਗ ਜ਼ਿਲਾ ਰਾਵਲਪਿੰਡੀ ਵਿਚ ਹੈ," ਅਤੇ ਪੰਜਾਬੀ ਦੀਆਂ ਉਪ-ਬੋਲੀਆਂ ਸਬੰਧੀ ਖੋਜ ਕਰਨ ਵਾਲਾ ਪ੍ਰਸਿੱਧ ਭਾਸ਼ਾ ਵਿਗਿਆਨੀ ਗ੍ਰੀਅਰਸਨ ਪੋਠੋਹਾਰੀ ਦਾ ਖੇਤਰ ਨੀਅਤ ਕਰਨ ਵੇਲੇ ਇਹ ਕਹਿੰਦਾ ਹੈ ਕਿ 'ਪੋਠੋਹਾਰੀ' ਦੋ ਪਰਕਾਰ ਦੀ ਹੈ। ਇਕ ਤਾਂ ਉਹ ਪੋਠੋਹਾਰੀ ਜੋ ਰਾਵਲਪਿੰਡੀ ਅਤੇ ਨਾਲ ਲਗਦੇ ਦੱਖਣ ਵੱਲ ਦੇ ਮੈਦਾਨਾਂ ਵਿਚ ਬੋਲੀ ਜਾਂਦੀ ਹੈ, ਅਤੇ ਦੂਜੀ ਉਹ ਜੋ ਕੋਹ ਮਰੀ ਦੀਆਂ ਪਹਾੜੀਆਂ ਵਿਚ ਜੰਮਦੀ ਪਲਦੀ ਹੈ।

ਕਈ ਲੇਖਕ 'ਪੋਠੋਹਾਰ' ਨੂੰ 'ਪੁਠਵਾਰਾ' ਵੀ ਲਿਖਦੇ ਹਨ। ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਕੋਸ਼ ਵਿਚ ਇਸ ਨੂੰ 'ਪੋਠਵਾਰ' ਲਿਖਿਆ ਹੈ ਕਿਉਂਕਿ ਪੋਠੋਹਾਰ ਦਾ ਇਲਾਕਾ ਉੱਚਾ ਨੀਵਾਂ ਹੈ ਅਤੇ ਇਹੋ ਜੇਹੇ ਉੱਚੇ ਨੀਵੇਂ ਇਲਾਕੇ ਨੂੰ 'ਪਠਾਰ' ਸੱਦਿਆ ਜਾਂਦਾ ਹੈ। ਇਸ ਕਰਕੇ ਇਹ ਵੀ ਸੰਭਵ ਹੈ ਕਿ 'ਪੋਠੋਹਾਰ' ਸ਼ਬਦ 'ਪੁਠਵਾਰ' ਤੋਂ ਹੀ ਨਿਕਲਿਆ ਹੋਵੇ। ਜੇ ਅਸੀਂ ਇਸ ਸ਼ਬਦ ਦੀ ਨਿਰੁਕਤੀ ਕਰੀਏ ਤਾਂ (ਪੋਠੋਹਾਰ=ਪੋਠ ∠ ਪੁੱਠ+ਓ+ਹਾਰ) ਹੋਵੇਗੀ ਜਿਸ ਦੇ ਅਰਥ ਹਨ 'ਪੁੱਠ ਵਾਲਾ'। ਪਸ਼ੂ ਦੀ 'ਪੁੱਠ' ਬਾਕੀ ਦੇ ਲਾਗਲੇ ਹਿੱਸੇ ਨਾਲੋਂ ਕੁਝ ਵਧੇਰੇ ਉੱਚੀ ਹੁੰਦੀ ਹੈ। ਸਵਰਗੀ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਸ ਇਲਾਕੇ ਦੀ ਧਰਤੀ ਦੀ ਉਚਾਈ ਸਮੁੰਦਰੀ ਤੱਟ (ਸਤ੍ਹਾ) ਨਾਲੋਂ ੧੯੯੪ ਫੁੱਟ ਉੱਚੀ ਦੱਸੀ ਹੈ ਜਦੋਂ ਕਿ ਜਿਹਲਮ ਦੀ ਧਰਤੀ ਸਮੁੰਦਰੀ ਤੱਟ ਤੋਂ ਸਿਰਫ ੭੬੪ ਫੁੱਟ ਉੱਚੀ ਹੈ। ਇਸ ਤੋਂ ਸਪਸ਼ਟ ਹੈ ਕਿ ਪੋਠੋਹਾਰ ਦਾ ਇਲਾਕਾ ਆਪਣੇ ਲਾਗਲੇ ਇਲਾਕੇ ਤੋਂ ਉੱਚਾ ਹੈ ਤੇ ਇਸ ਉਚਾਈ ਕਰਕੇ ਹੀ ਇਸ ਭੂਗੋਲਕ ਖੇਤਰ ਦਾ ਨਾਉਂ 'ਪੁਠਹਾਰ' ਜਾਂ 'ਪੁਠਵਾਰ' ਤੋਂ 'ਪੋਠੋਹਾਰ' ਪੈ ਗਿਆ।

ਉੱਪਰਲੇ ਕਥਨਾਂ ਨੂੰ ਧਿਆਨ ਵਿਚ ਰਖਦੇ ਹੋਏ ਪੋਠੋਹਾਰੀ ਦੇ ਖੇਤਰ ਵਿਚ ਅਸੀਂ ਜ਼ਿਲਾ ਜਿਹਲਮ ਦਾ ਪੂਰਬੀ ਹਿੱਸਾ, ਰਾਵਲ ਪਿੰਡੀ ਜ਼ਿਲੇ ਦਾ ਮੈਦਾਨੀ ਹਿੱਸਾ, ਉੱਪਰਲੇ ਪਾਸੇ ਕੋਹ ਮਰੀ ਦੀਆਂ ਪਹਾੜੀਆਂ ਤਕ ਦਾ ਹਿੱਸਾ ਅਤੇ ਦੂਜੇ ਪਾਸੇ ਜ਼ਿਲੇ ਹਜ਼ਾਰੇ ਦਾ ਕੁੱਝ ਹਿੱਸਾ ਸ਼ਾਮਲ ਕਰ ਸਕਦੇ ਹਾਂ। ਗੁਜਰਾਤ ਦੇ ਉੱਤਰੀ ਹਿੱਸੇ ਵਿਚ ਵੀ ਪੋਠੋਹਾਰੀ ਬੋਲੀ ਜਾਂਦੀ ਹੈ।

ਪੋਠੋਹਾਰੀ ਉਤੇ ਵੈਦਕ ਸੰਸਕ੍ਰਿਤ ਅਤੇ ਫ਼ਾਰਸੀ ਦਾ ਪਰਭਾਵ

ਭਾਰਤ ਦੇ ਇਤਿਹਾਸ ਨੂੰ ਪੜ੍ਹ ਕੇ ਇਹ ਪਤਾ ਲਗਦਾ ਹੈ ਕਿ ਆਰੀਆ ਲੋਕ ਤੇ ਹੋਰ ਜਿੰਨੇ ਵੀ ਮੁਸਲਮਾਨ ਹਮਲਾਆਵਰ ਭਾਰਤ ਵਿਚ ਆਏ ਉਹ ਸਾਰੇ ਹੀ ਕਹ ਹਿੰਦੂਕੁਸ਼, ਜਿਹੜਾ ਕਿ ਭਾਰਤ ਦੇ ਉੱਤਰ-ਪੱਛਮ ਵਿਚ ਹੈ, ਨੂੰ ਪਾਰ ਕਰਕੇ ਆਏ ਅਤੇ ਆ ਕੇ ਸਿੰਧ ਨਦੀ ਦੇ ਕਿਨਾਰੇ ਠਹਿਰਦੇ ਰਹੇ। ਪੋਠੋਹਾਰ ਦਾ ਇਲਾਕਾ ਸਾਹਮਣੇ ਆਉਣ ਕਰ ਕੇ ਉਹ ਸਭ ਤੋਂ ਪਹਿਲਾਂ ਇਸੇ ਇਲਾਕੇ ਵਿਚ ਪੈਰ ਪਾਉਂਦੇ ਸਨ। ਵੇਦਾਂ ਦੀ ਰਚਨਾ ਵੀ ਆਰੀਆ ਲੋਕਾਂ ਨੇ ਪਹਿਲੇ ਪਹਿਲ ਇਸੇ ਇਲਾਕੇ ਵਿਚ ਹੀ ਕੀਤੀ ਅਤੇ ਮੁਸਲਮਾਨ ਹਮਲਾਆਵਰਾਂ ਦੁਆਰਾ ਫ਼ਾਰਸੀ ਵੀ ਪਹਿਲਾਂ ਪਹਿਲ ਹਿੰਦੁਸਤਾਨ ਦੇ ਇਸੇ ਇਲਾਕੇ ਵਿਚ ਆਈ। ਇਹੀ ਕਾਰਨ ਹੈ ਕਿ ਹੋਰਨਾਂ ਉਪ-ਬੋਲੀਆਂ ਨਾਲੋਂ ਪੋਠੋਹਾਰੀ ਵਿਚ ਵੈਦਿਕ ਸੰਸਕ੍ਰਿਤ ਅਤੇ ਫ਼ਾਰਸੀ ਦੇ ਕਈ ਸ਼ਬਦ ਮਿਲਦੇ ਹਨ। ਵੈਦਕ-ਸੰਸਕ੍ਰਿਤ ਦੇ ਪਏ ਪਰਭਾਵ ਕਾਰਨ ਜਿਥੇ

ਪੋਠੋਹਾਰੀ ਦੀ ਕੁੱਝ ਸ਼ਬਦਾਵਲੀ ਵੈਦਕ ਸੰਸਕ੍ਰਿਤ ਨਾਲ ਮਿਲਦੀ ਹੈ ਓਥੇ ਦੋਹਾਂ ਦੀ ਸ਼ੈਲੀ ਰਲਦੀ ਹੈ। ਵੈਦਕ ਸੰਸਕ੍ਰਿਤ ਦੀ ਮਿਠਾਸ ਦੇ ਅਸਰ ਨਾਲ ਪੋਠੋਹਾਰੀ ਵੀ ਅਤੀ ਮਿੱਠੀ ਜ਼ਬਾਨ ਬਣ ਗਈ ਹੈ।

ਲਾਹੌਰ ਤੋਂ, ਜਿਹੜਾ ਕਿ ਪੰਜਾਬੀ ਦਾ ਕੇਂਦਰ ਮੰਨਿਆਂ ਜਾਂਦਾ ਸੀ, ਜੇ ਅਸੀਂ ਪੂਰਬ ਵਾਲੇ ਪਾਸੇ ਨੂੰ ਜਾਈਏ ਤਾਂ ਬੋਲੀ ਵਿਚ ਵਿਯੋਗਆਤਮਕ ਗੁਣ ਵਧਦਾ ਤੁਰਿਆ ਜਾਂਦਾ ਹੈ। ਪਰ ਜਦੋਂ ਅਸੀਂ ਲਾਹੌਰ ਤੋਂ ਲਹਿੰਦੇ ਵਲ ਨੂੰ ਤੁਰੀਏ ਤਾਂ ਇਸ ਵਿਚ ਸੰਯੋਗਆਤਮਕ ਗੁਣ ਪ੍ਰਧਾਨ ਹੁੰਦਾ ਚਲਾ ਜਾਂਦਾ ਹੈ। ਪਹਿਲੀ ਹਾਲਤ ਵਿਚ ਪੰਜਾਬੀ ਉੱਤੇ ਹਿੰਦੀ ਦੀ ਖੜੀ ਬੋਲੀ ਦਾ ਪਰਭਾਵ ਵਧਦਾ ਪ੍ਰਤੱਖ ਦਿਖਾਈ ਦਿੰਦਾ ਹੈ ਜਦੋਂ ਕਿ ਦੂਜੀ ਹਾਲਤ ਵਿਚ ਪੰਜਾਬੀ ਉੱਤੇ ਵੈਦਕ ਸੰਸਕ੍ਰਿਤ, ਫ਼ਾਰਸੀ ਅਤੇ ਸਿੰਧੀ ਦਾ ਅਸਰ ਹੋਇਆ ਸਾਫ਼ ਦਿਸਦਾ ਹੈ। ਆਪਣੇ ਸੰਯੋਗਆਤਮਕ ਗੁਣ ਕਰਕੇ 'ਪੋਠੋਹਾਰੀ' ਵੈਦਕ ਸੰਸਕ੍ਰਿਤ ਅਤੇ ਪੁਰਾਣੀ ਪ੍ਰਾਕ੍ਰਿਤ ਦੇ ਵਧੇਰੇ ਨੇੜੇ ਹੈ। 'ਖਾਂਦਾਈਸੁ', 'ਜਾਂਦਾਈਸੁ' ਤੇ 'ਮਾਰਦਾਈਸੁ' ਆਦਿ ਸ਼ਬਦਾਂ ਉੱਤੇ ਪੁਰਾਣੀ ਪ੍ਰਾਕ੍ਰਿਤ ਦਾ ਹੀ ਅਸਰ ਹੈ ਜੋ ਪੋਠੋਹਾਰੀ ਨੇ ਅਜੇ ਤੱਕ ਸੰਭਾਲਿਆ ਹੋਇਆ ਹੈ। ਪੋਠੋਹਾਰੀ ਗਿਣਤੀ ਦੇ ਕਈ ਸ਼ਬਦ ਸੰਸਕ੍ਰਿਤ ਦੇ ਸ਼ਬਦਾਂ ਨਾਲ ਫੇਰ ਮਿਲਦੇ ਹਨ ਜਿਵੇਂ ਪੋਠੋਹਾਰੀ ਵਿਚ 'ਤਰੈ'=ਤ੍ਰਿੰਨ ਅਤੇ ਸੰਸਕ੍ਰਿਤ ਵਿਚ "त्रय"=ਤ੍ਰਿੰਨ, ਅਤੇ ਪੋਠੋਹਾਰੀ 'ਤੇਤਰੀ'=ਤੇਤੀ, ਜਦੋਂ ਕਿ ਸੰਸਕ੍ਰਿਤ ਵਿਚ ਵੀ "त्रयस्"=ਤੇਤੀ ਹੀ ਹੈ। ਇਸੇ ਤਰ੍ਹਾਂ ਪੋਠੋਹਾਰੀ ਵਿਚ 'ਹਮਾਤੜ' ਅਤੇ 'ਤਮ੍ਹਾਤੜ' ਲਈ ਦੋ ਸ਼ਬਦ 'ਅਸਮੰਤਰ' ਅਤੇ 'ਤੁਸਮੰਤਰ' ਆਮ ਪਰਚੱਲਤ ਹਨ, ਜਦੋਂ ਕਿ ਸੰਸਕ੍ਰਿਤ ਵਿਚ ਇਨ੍ਹਾਂ ਸ਼ਬਦਾਂ ਦਾ ਮੂਲ ਰੂਪ 'ਅਸਮਦ੍' ਜਾਂ 'ਅਸਮਤ੍' ਅਤੇ 'ਯੁਸ਼ਮਦ੍' ਜਾਂ 'ਯੁਸ਼ਮਤ੍' ਕਰਕੇ ਮਿਲਦਾ ਹੈ। 'ਰਾਕਸ਼', 'ਜਾਤਕ', ਅਤੇ 'ਰੱਛ' ਆਦਿ ਸ਼ਬਦ ਵੀ ਵੈਦਕ ਸੰਸਕ੍ਰਿਤ ਦੇ ਹਨ ਜੋ ਪੋਠੋਹਾਰੀ ਵਿਚ ਆਮ ਪ੍ਰਚੱਲਤ ਹਨ। ਕਈ ਸ਼ਬਦਾਂ ਨੂੰ ਉਸੇ ਤਰ੍ਹਾਂ ਕੇਵਲ ਮਾਮੂਲੀ ਤਬਦੀਲੀ ਨਾਲ ਹੀ ਵਰਤ ਲਿਆ ਜਾਂਦਾ ਹੈ ਜਿਵੇਂ 'ਤਰਕਰੀ' ਨੂੰ 'ਤਰੋਕੜੀ' ਅਤੇ 'ਕੰਪਨਾ' ਨੂੰ 'ਕੰਪਣਾ' ਆਦਿ।

ਵੈਦਕ ਸੰਸਕ੍ਰਿਤ ਤੋਂ ਇਲਾਵਾ ਅਰਬੀ ਫ਼ਾਰਸੀ ਦੇ ਵੀ ਕਈ ਸ਼ਬਦ ਪੋਠੋਹਾਰੀ ਨੇ ਆਪਣੇ ਭੰਡਾਰ ਵਿਚ ਸਾਂਭ ਕੇ ਰੱਖੇ ਹੋਏ ਹਨ। ਫ਼ਾਰਸੀ ਦਾ ਸ਼ਬਦ 'ਕਾਸ਼ੁਕ' ਚਮਚੇ ਦੇ ਅਰਥਾਂ ਵਿਚ ਪੋਠੋਹਾਰੀ ਵਿਚ ਹੀ ਵਰਤਿਆ ਜਾਂਦਾ ਹੈ, ਹੋਰ ਕਿਸੇ ਉਪਬੋਲੀ ਵਿਚ ਨਹੀਂ। ਇਸੇ ਤਰ੍ਹਾਂ ਕਬਰ ਵਾਸਤੇ 'ਗੋਰ', ਖੁਲ੍ਹੀ ਇਜਾਜ਼ਤ ਲਈ 'ਮਵਾਹ' (ਅਰ. ਮਬਾਹ) ਸੌਣ ਵੇਲੇ ਦੀ ਨਮਾਜ਼ ਲਈ 'ਕੁਫ਼ਤਾਂ' (ਫ਼ਾ. ਖ਼ੁਫ਼ਤਾਂ) ਆਦਿ ਅੱਜ ਤੱਕ ਪੋਠੋਹਾਰੀ ਬੋਲੀ ਦਾ ਜੀਊਂਦਾ ਜਾਗਦਾ ਹਿੱਸਾ ਬਣੇ ਹੋਏ ਹਨ।

ਪੋਠੋਹਾਰੀ ਦੇ ਦੋ ਰੂਪ

ਪ੍ਰਸਿੱਧ ਭਾਸ਼ਾ ਵਿਗਿਆਨੀ ਗ੍ਰੀਅਰਸਨ ਦੇ ਵਿਚਾਰ ਅਨੁਸਾਰ 'ਪੋਠੋਹਾਰੀ' ਦੋ ਤਰ੍ਹਾਂ ਦੀ ਹੈ। ਇਕ ਉਹ ਜੋ ਰਾਵਲਪਿੰਡੀ ਅਤੇ ਉਸ ਦੇ ਆਸ ਪਾਸ ਦੇ ਮੈਦਾਨੀ ਇਲਾਕੇ ਵਿਚ ਬੋਲੀ ਜਾਂਦੀ ਹੈ ਅਤੇ ਦੂਜੀ ਉਹ ਜੋ ਮਰੀ ਦੀਆਂ ਪਹਾੜੀਆਂ ਵਿਚ ਬੋਲੀ ਜਾਂਦੀ ਹੈ। ਪਿਛਲੀ ਪੋਠੋਹਾਰੀ ਨੂੰ ਉਹ ਪਹਾੜੀ-ਪੋਠੋਹਾਰੀ ਕਹਿੰਦਾ ਹੈ ਕਿਉਂਕਿ ਉਸ ਅਨੁਸਾਰ 'ਪਹਾੜੀ-ਪੋਠੋਹਾਰੀ' ਅਤੇ 'ਮੈਦਾਨੀ-ਪੋਠੋਹਾਰੀ' ਵਿਚ ਥੋੜੀ ਜਿਹੀ ਭਿੰਨਤਾ ਹੈ। ਮਰੀ ਤੋਂ ਜਿਉਂ ਜਿਉਂ ਰਾਵਲਪਿੰਡੀ ਵਲ ਜਾਈਏ ਤਿਉਂ ਤਿਉਂ ਪਹਾੜੀ-ਪੋਠੋਹਾਰੀ ਮੈਦਾਨੀ-ਪੋਠੋਹਾਰੀ ਦੇ ਨੇੜੇ ਹੁੰਦੀ ਚਲੀ ਜਾਂਦੀ ਹੈ ਅਤੇ ਜੇ ਮਰੀ ਤੋਂ ਕਸ਼ਮੀਰ ਵੱਲ ਜਾਇਆ ਜਾਵੇ ਤਾਂ ਇਸ ਉਤੇ ਕਸ਼ਮੀਰੀ ਦਾ ਪਰਭਾਵ ਪੈਂਦਾ ਚਲਾ ਜਾਂਦਾ ਹੈ। ਸੰਸਕ੍ਰਿਤ ਦਾ 'ਗੱਛ' ਧਾਤੂ ਕਸ਼ਮੀਰੀ ਅਤੇ ਪੋਠੋਹਾਰੀ ਦੋਹਾਂ ਜ਼ਬਾਨਾਂ ਵਿਚ ਮੌਜੂਦ ਹੈ।

ਇਸ ਤੋਂ ਇਲਾਵਾ ਕੁਝ ਕੁ ਹੋਰ ਭਾਸ਼ਾ-ਵਿਗਿਆਨੀ ਪੋਠੋਹਾਰੀ ਦੇ ਅਧਿਐਨ ਮਗਰੋਂ ਇਸ ਸਿੱਟੇ ਤੇ ਵੀ ਪੁੱਜੇ ਹਨ ਕਿ ਮੈਦਾਨੀ-ਪੋਠੋਹਾਰੀ ਵੀ ਦੋ ਪ੍ਰਕਾਰ ਦੀ ਹੈ। ਇਕ ਉਹ ਜੋ ਕੇਂਦਰੀ ਪੰਜਾਬੀ ਦੇ ਪਰਭਾਵ ਹੇਠਾਂ ਪੜ੍ਹੇ ਲਿਖੇ ਸ਼ਹਿਰੀਆਂ ਦੀ ਬੋਲੀ ਹੈ ਅਤੇ ਦੂਜੀ ਉਹ ਜੋ ਅਣਪੜ੍ਹ ਪੇਂਡੂ ਬੋਲਦੇ ਹਨ। ਸ਼ਹਿਰੀਏ ਪੋਠੋਹਾਰੀ ਆਖਣਗੇ— 'ਕੁਧਰ ਜਾਨੈਂ' ਪਰ ਪੇਂਡੂ ਆਖਣਗੇ — 'ਕੁਧਰ ਗਛਣੈਂ'। ਸ਼ਹਿਰੀਏ ਆਨਾ, ਜਾਨਾ, ਮੈਂਡਾ, ਤੈਂਡਾ ਤੇ ਸਿੱਧੀ ਆਖਣਗੇ ਪਰ ਪੇਂਡੂ 'ਅੱਛਣਾ', 'ਗੱਛਣਾ', 'ਮਾੜ੍ਹਾ', 'ਤੁਹਾੜਾ' ਤੇ 'ਸਿੱਧੀ' ਹੀ ਬੋਲਣਗੇ। ਖ਼ਾਲਸ ਪੋਠੋਹਾਰੀ ਪੇਂਡੂਆਂ ਦੀ ਬੋਲੀ ਹੈ, ਸ਼ਹਿਰੀਆਂ ਦੀ ਨਹੀਂ।

ਪੋਠੋਹਾਰੀ ਦੀਆਂ ਵਿਆਕਰਣਕ ਵਿਸ਼ੇਸ਼ਤਾਈਆਂ

ਵਿਆਕਰਣ ਅਤੇ ਧੁਨੀ-ਪਰੀਵਰਤਨ (Phonetic Changes) ਦੇ ਦਰਿਸ਼ਟੀ-ਕੋਣ ਤੋਂ ਪੋਠੋਹਾਰੀ ਉਪ-ਬੋਲੀ ਦਾ ਅਧਿਐਨ ਆਪਣੇ ਆਪ ਵਿਚ ਇਕ ਦਿਲਚਸਪ ਵਿਸ਼ਾ ਹੈ। ਜਦ ਅਸੀਂ ਸ਼ਬਦਾਂ ਦੀ ਬਣਤਰ ਨੂੰ ਗਹੁ ਨਾਲ ਪਰਖਦੇ ਹਾਂ ਅਤੇ ਨਿਰੁਕਤੀ ਦੁਆਰਾ ਉਨ੍ਹਾਂ ਦੇ ਧਾਤੂ ਲਭਦੇ ਹਾਂ ਤਾਂ ਬੜੇ ਹੈਰਾਨ ਕਰ ਦੇਣ ਵਾਲੇ ਸਿੱਟੇ ਸਾਡੇ ਸਾਹਮਣੇ ਆਉਂਦੇ ਹਨ। ਅਜਿਹੇ ਕੁਝ ਕੁ ਕੱਢੇ ਸਿੱਟੇ ਹੇਠ ਦਿੱਤੇ ਜਾਂਦੇ ਹਨ :—

੧) ਕੇਂਦਰੀ ਪੰਜਾਬੀ ਦੇ ਸ਼ਬਦ ਦੇ ਮੁਢ ਵਿਚ ਆਏ 'ਉ' ਅਤੇ 'ਇ' ਪੋਠੋਹਾਰੀ ਵਿਚ 'ਹੁ' ਅਤੇ 'ਹਿ' ਵਿਚ ਬਦਲ ਦਿੱਤੇ ਜਾਂਦੇ ਹਨ ਜਿਵੇਂ—'ਉਸ', 'ਇਸ', 'ਇਕ', 'ਇਤਨਾ' ਦੀ ਥਾਂ 'ਹੁਸ', 'ਹਿਸ', 'ਹਿਕ' ਅਤੇ 'ਹਿਤਨਾ' ਆਦਿ ਲਿਖੇ ਤੇ ਬੋਲੇ ਜਾਂਦੇ ਹਨ।

੨) ਵਰਤਮਾਨ ਕ੍ਰਿਆ ਦੇ ਅੰਤਲੇ 'ਦ' ਨੂੰ 'ਨ' ਅਤੇ 'ਣ' ਵਿਚ ਵਟਾ ਲਿਆ ਜਾਂਦਾ ਹੈ ਜਿਵੇਂ 'ਜਾਂਦਾ', 'ਪੀਂਦਾ', 'ਲੈਂਦਾ' ਤੇ 'ਕਰਦਾ' ਆਦਿ ਦੀ ਥਾਂ ਪੋਠੋਹਾਰੀ ਵਿਚ 'ਜਾਨਾ (ਣਾ)', 'ਪੀਨਾ (ਣਾ)', 'ਲੈਨਾ (ਣਾ)' ਤੇ 'ਕਰਨਾ (ਣਾ)', ਆਦਿ ਬਣ ਜਾਂਦੇ ਹਨ। ਇਸੇ ਤਰ੍ਹਾਂ 'ਜਾਂਦਿਆਂ', 'ਦੇਂਦਿਆਂ', 'ਖਾਂਦਿਆਂ' ਤੇ 'ਪੀਂਦਿਆਂ' ਦੀ ਥਾਂ 'ਜਾਨਿਆਂ', 'ਦੇਨਿਆਂ', 'ਖਾਨਿਆਂ', 'ਪੀਨਿਆਂ' ਅਤੇ 'ਜਾਣਿਆਂ', 'ਦੇਣਿਆਂ', 'ਖਾਣਿਆਂ', 'ਪੀਣਿਆਂ' ਆਦਿ ਬਣ ਜਾਂਦੇ ਹਨ।

੩) 'ਦਾ', 'ਦੇ', 'ਦੀ', ਅਤੇ 'ਦੀਆਂ' ਆਦਿ ਸਬੰਧਕੀ ਪ੍ਰਤਿਆਵਾਂ ਪੋਠੋਹਾਰੀ ਵਿਚ 'ਨਾ', 'ਨੇ', 'ਨੀ' ਅਤੇ 'ਨੀਆਂ' ਕਰਕੇ ਉਚਾਰੀਆਂ ਜਾਂਦੀਆਂ ਹਨ, ਜਿਵੇਂ 'ਕਾਕੇ ਦਾ ਝੱਗਾ', 'ਜਾਤਕੜੀ ਦੀ ਕਮੀਜ਼', 'ਬਾਪੇ ਦੇ ਕਪੜੇ' 'ਚਾਚੇ ਦੀਆਂ ਪੱਗਾਂ' ਆਦਿ ਦੀ ਥਾਂ ਪੋਠੋਹਾਰੀ ਵਿਚ 'ਕਾਕੇ ਨਾ ਝੱਗਾ', 'ਜਾਤਕੜੀ ਨੀ ਕਮੀਜ਼' ਅਤੇ 'ਬਾਪੇ ਨੇ ਕਪੜੇ' 'ਚਾਚੇ ਨੀਆਂ ਪੱਗਾਂ' ਆਦਿ ਬਣ ਜਾਂਦੇ ਹਨ।

੪) ਕ੍ਰਿਆ-ਵਿਸ਼ੇਸ਼ਣ 'ਕਿੱਥੇ', 'ਕਿੱਧਰ', 'ਕਿਸ' ਆਦਿ ਦੀ ਸਿਹਾਰੀ (ਿ) ਦੀ ਥਾਂ ਔਂਕੜ (ੁ) ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ 'ਕੁਥੇ', 'ਕੁਥੈ', 'ਕੁਧਰ' ਜਾਂ 'ਕੁਸ' ਉਚਾਰਿਆ ਜਾਂਦਾ ਹੈ।

੫) ਕ੍ਰਿਆ-ਵਿਸ਼ੇਸ਼ਣ 'ਉਥੇ', 'ਇਥੇ', 'ਕਿੱਥੇ' ਅਤੇ 'ਜਿਥੇ' ਆਦਿ ਦੀ ਲਾਂ (ੇ) ਦੀ ਥਾਂ ਦੁਲਾਂ (ੈ) ਵਰਤ ਕੇ ਉਨ੍ਹਾਂ ਦਾ ਉਚਾਰਣ 'ਉਥੈ', 'ਇਥੈ', 'ਕੁਥੈ' ਅਤੇ 'ਜਿਥੈ' ਆਦਿ ਕਰ ਕੇ ਕੀਤਾ ਜਾਂਦਾ ਹੈ।

੬) 'ਉਠਾਉਣਾ', 'ਬਣਾਉਣਾ', 'ਭੁਲਾਉਣਾ' ਅਤੇ 'ਜਗਾਉਣਾ' ਆਦਿ ਸਕਰਮਕ ਕ੍ਰਿਆਵਾਂ ਵਿਚਲੇ 'ਉ' ਨੂੰ ਅੱਵਲ ਤਾਂ ਉਚਾਰਿਆ ਹੀ ਨਹੀਂ ਜਾਂਦਾ, ਜਿਵੇਂ—'ਉਠਾਣਾ', 'ਬਣਾਣਾ', 'ਭੁਲਾਣਾ' ਅਤੇ 'ਜਗਾਣਾ' ਆਦਿ, ਜਾਂ ਫਿਰ ਕਿਧਰੇ ਕਿਧਰੇ 'ਗਾਉਣਾ', 'ਨ੍ਹਾਉਣਾ' ਆਦਿ ਸ਼ਬਦਾਂ ਵਿਚ 'ਉ' 'ਵ' ਵਿਚ ਬਦਲ ਦਿੱਤਾ ਜਾਂਦਾ ਹੈ ਜਿਵੇਂ—'ਗਾਵਣਾ' ਅਤੇ 'ਨ੍ਹਾਵਣਾ' ਆਦਿ।

੭) ਸਬੰਧਕੀ ਪ੍ਰਤਿਆ 'ਨੂੰ' ਦੀ ਥਾਂ 'ਕੀ' ਦਾ ਪਰਯੋਗ ਪੋਠੋਹਾਰੀ ਵਿਚ ਆਮ ਕੀਤਾ ਜਾਂਦਾ ਹੈ ਜਿਵੇਂ 'ਲਾਲੇ ਨੂੰ ਆਖ' ਦੀ ਥਾਂ 'ਲਾਲੇ ਕੀ ਆਖ' ਅਤੇ 'ਕੁੱਤੇ ਨੂੰ ਮਾਰ' ਦੀ ਥਾਂ 'ਕੁੱਤੇ ਕੀ ਮਾਰ' ਬੋਲਿਆ ਜਾਂਦਾ ਹੈ। ਇਸ 'ਨੂੰ' ਦੀ ਥਾਂ ਪੋਠੋਹਾਰ ਦੇ ਵੱਖ ਵੱਖ ਖੇਤਰਾਂ ਵਿਚ 'ਆਂ', 'ਆਂਹ', ਅਤੇ 'ਈ' ਵੀ ਵਰਤੇ ਜਾਂਦੇ ਹਨ ਜਿਵੇਂ—'ਮੋਹਣ ਨੂੰ ਕੀ ਹੋਇਆ ਹੈ ?' ਦੀ ਥਾਂ 'ਮੋਹਣ ਆਂ ਕਹਿ ਹੋਇਐ ?' 'ਮੋਹਣ ਆਂਹ ਕਹਿ ਹੋਇਐ ?', 'ਮੋਹਣ ਈ ਕਹਿ ਹੋਇਐ ?' ਵਰਤੇ ਜਾਂਦੇ ਹਨ।

੮) ਸਮਾਸੀ ਕ੍ਰਿਆਵਾਂ ਵਿਚ ਜੇ ਪਹਿਲੀ ਕ੍ਰਿਆ ਦੇ ਅੰਤ ਵਿਚ ਮੁਕਤਾ ਅੱਖਰ ਹੋਵੇ ਤਾਂ ਪਹਿਲੀ ਕ੍ਰਿਆ ਦੇ ਅੰਤ ਵਿਚ ਬਿਹਾਰੀ (ੀ) ਵਧਾ ਕੇ ਉਸ ਨੂੰ ਲਮਕਾਇਆ ਜਾਂਦਾ ਹੈ ਜਿਵੇਂ—'ਕਰ ਕੇ ਜਾਣਾ' ਦੀ ਥਾਂ 'ਕਰੀ ਕੇ ਜਾਣਾ', 'ਸੁੰਘ ਕੇ ਜੀਵਣਾ' ਦੀ ਥਾਂ 'ਸੁੰਘੀ ਕੇ ਜੀਵਣਾ' ਅਤੇ 'ਡਰ ਕੇ ਰਹਿਣਾ' ਦੀ ਥਾਂ 'ਡਰੀ ਕੇ ਰਹਿਣਾ' ਬੋਲਿਆ ਜਾਂਦਾ ਹੈ। ਅਤੇ ਜੇ ਪਹਿਲੀ ਕ੍ਰਿਆ ਦੇ ਅੰਤਲੇ ਅੱਖਰ ਨਾਲ ਲਾਂ (ੇ) ਜਾਂ ਦੁਲਾਈਆਂ (ੈ) ਹੋਣ ਤਾਂ ਇਨ੍ਹਾਂ ਦੋਹਾਂ ਨੂੰ ਲਾਹ ਕੇ ਉਸ ਅੱਖਰ ਦੇ ਅੱਗੇ 'ਈ' ਵਧਾ ਦਿੱਤੀ ਜਾਂਦੀ ਹੈ ਜਿਵੇਂ—'ਦੇ ਕੇ ਜਾਣਾ' ਦੀ ਥਾਂ 'ਦਈ ਕੇ ਜਾਣਾ' ਅਤੇ 'ਲੈ ਕੇ ਦੇਣਾ' ਦੀ ਥਾਂ 'ਲਈ ਕੇ ਦੇਣਾ' ਆਦਿ।

੯) ਕੇਂਦਰੀ ਪੰਜਾਬੀ ਦੀ ਵਿਚਕਾਰਲੇ 'ਉ' ਵਾਲੀ ਸੰਗਿਆ ਦੇ 'ਉ' ਨੂੰ 'ਵ' ਵਿਚ ਬਦਲ ਕੇ ਬੋਲਿਆ ਜਾਂਦਾ ਹੈ, ਜਿਵੇਂ 'ਜੀਉਣ', 'ਸੀਉਣ' ਅਤੇ 'ਸਾਉਣ' ਦੀ ਥਾਂ 'ਜੀਵਣ', 'ਸੀਵਣ' ਅਤੇ 'ਸਾਵਣ' ਆਦਿ।

੧੦) ਗੁੱਜਰਖਾਨ ਦੇ ਆਲੇ ਦੁਆਲੇ ਅਪੂਰਨ ਕ੍ਰਿਆ 'ਸੀ' ਦੀ ਥਾਂ 'ਸਾ' ਅਤੇ 'ਸਨ' ਦੀ ਥਾਂ 'ਸੇ' ਵਰਤਦੇ ਹਨ। ਇਸਤਰੀ ਲਿੰਗ ਕ੍ਰਿਆ ਦੇ ਰੂਪ ਵਿਚ 'ਸਨ' ਦੀ ਥਾਂ 'ਸੀਆਂ' ਵਰਤਿਆ ਜਾਂਦਾ ਹੈ ਜਿਵੇਂ 'ਉਹ ਗਿਆ ਸੀ' ਦੀ ਥਾਂ 'ਉਹ ਗਿਆ ਸਾ', 'ਸਾਰੇ ਗਏ ਸਨ' ਦੀ ਥਾਂ 'ਸਾਰੇ ਗਏ ਸੇ' ਅਤੇ 'ਸਾਰੀਆਂ ਗਈਆਂ ਸਨ' ਦੀ ਥਾਂ 'ਸਾਰੀਆਂ ਗਈਆਂ ਸੀਆਂ' ਆਦਿ।

੧੧) 'ਕੀ' 'ਪੜਨਾਂਵ' ਨੂੰ ਦਰਿਆ ਜਿਹਲਮ ਦੇ ਲਾਗਲੇ ਹਿੱਸੇ ਵਿਚ 'ਕੇ' ਦਾ ਰੂਪ ਦਿੱਤਾ ਜਾਂਦਾ ਹੈ ਜਿਵੇਂ 'ਚਾਚੀ ਨੂੰ ਕੀ ਹੋਇਆ ਏ' ਦੀ ਥਾਂ 'ਚਾਚੀ ਨੂੰ ਕੇ ਹੋਇਐ' ਬੋਲਿਆ ਜਾਂਦਾ ਹੈ। ਪਰ ਅਗੇਰੇ ਭੂੰਘੇਰੇ ਪੋਠੋਹਾਰ ਵਿਚ ਇਹ 'ਕੇ' ਵੀ ਬਦਲ ਕੇ 'ਕਹਿ' ਦਾ ਰੂਪ ਧਾਰਨ ਕਰ ਲੈਂਦਾ ਹੈ ਜਿਵੇਂ ਕਿ ਓਥੇ ਇਹੋ ਵਾਕ 'ਚਾਚੀ ਕੀ ਕਹਿ ਹੋਇਐ' ਬਣ ਜਾਂਦਾ ਹੈ।

੧੨) ਜਿਹਲਮੋਂ ਪਾਰ ਦੇ ਨੇੜੇ ਵਾਲੇ ਇਲਾਕੇ ਵਿਚ 'ਮੈਨੂੰ', 'ਤੈਨੂੰ', 'ਉਸ ਨੂੰ' (ਜਾਂ ਉਹ ਨੂੰ) ਆਦਿ ਸ਼ਬਦਾਂ ਨੂੰ 'ਮਨੂੰ', 'ਤਨੂੰ', ਤੇ 'ਉਨੂੰ' ਦਾ ਰੂਪ ਦੇ ਦਿੱਤਾ ਜਾਂਦਾ ਹੈ। ਇਸ ਤੋਂ ਅੱਗੇ ਹਜ਼ਾਰੇ ਵਾਲੇ ਪਾਸੇ ਨੂੰ ਵਧਦੇ ਹੋਏ ਇਹੋ ਸ਼ਬਦ 'ਮਾਂਹ', 'ਤਾਂਹ', 'ਉਸਾਂਹ', ਫਿਰ 'ਮੀਹ', 'ਤੁਹੀ', 'ਉਸਦੀ' ਤੇ ਫਿਰ 'ਮਿਕੀ', 'ਤੁਕੀ', 'ਉਸ ਕੀ' ਬਣ ਜਾਂਦੇ ਹਨ। ਇਸ ਤੋਂ ਵੀ ਹੋਰ ਅੱਗੇ ਜਾ ਕੇ ਇਹ ਸ਼ਬਦ 'ਮਿੰਘੀ', 'ਤੁੰਘੀ' ਤੇ 'ਉਸ ਚੀ' ਦਾ ਰੂਪ ਧਾਰਨ ਕਰ ਲੈਂਦੇ ਹਨ।

੧੩) ਇਸਤਰੀ ਲਿੰਗ ਸੰਗਿਆ ਦਾ ਇੱਕ-ਵਚਨ ਤੋਂ ਬਹੁਵਚਨ ਬਣਾਉਣ ਲਈ ਜਦੋਂ ਇਸਤਰੀ ਲਿੰਗ ਸੰਗਿਆ ਦਾ ਅੰਤਲਾ ਅੱਖਰ ਮੁਕਤਾ ਹੋਵੇ ਤਾਂ (ੀਂ) ਲਾਈ ਜਾਂਦੀ ਹੈ ਜਿਵੇਂ—ਮੱਝ ਤੋਂ ਮੱਝੀਂ। ਪਰ ਜੇ ਅੰਤਲੇ ਅੱਖਰ ਦੇ ਪਿੱਛੇ ਕੰਨਾ (ਾ) ਲੱਗਿਆ ਹੋਵੇ ਤਾਂ (ਈਂ) ਲਾਇਆ ਜਾਂਦਾ ਹੈ ਜਿਵੇਂ—ਹਵਾ ਤੋਂ ਹਵਾਈਂ, ਬਲਾ ਤੋਂ ਬਲਾਈਂ ਅਤੇ ਗਾਂ ਤੋਂ ਗਾਈਂ ਆਦਿ।

੧੪) ਕਈ ਵਾਰੀ ਖ਼ਾਸ ਨਾਵਾਂ ਜਾਂ ਆਮ ਸੰਗਿਆਵਾਂ ਦੇ ਪਿੱਛੇ ਲਾਂ (ੇ) ਬਿਹਾਰੀ (ੀ) ਜਾਂ ਆ (ਾ) ਆਮ ਵਰਤੇ ਜਾਂਦੇ ਹਨ ਜਿਵੇਂ—'ਮੋਹਨ ਨੂੰ ਮਾਰੋ' ਦੀ ਥਾਂ 'ਮੋਹਣੇ ਕੀ ਮਾਰੋ', 'ਮੱਝ ਨੂੰ ਸੂਲ ਹੈ' ਦੀ ਥਾਂ 'ਮੱਝੀ ਕੀ ਸੂਲ ਐ' ਅਤੇ 'ਮੇਰੀ ਸਲਵਾਰ 'ਚ ਨਾੜਾ ਪਾ' ਦੀ ਥਾਂ 'ਮੈਂਢੀ ਸਲਵਾਰਾਂ 'ਚ ਨਾੜਾ ਪਾ' ਆਦਿ।

੧੫) ਕਦੇ ਕਦੇ ਕਨੌੜਾ (ੌ) ਦੀ ਥਾਂ ਦੁਲਾਈਆਂ (ੈ) ਵਰਤੀਆਂ ਜਾਂਦੀਆਂ ਹਨ, ਜਿਵੇਂ—ਭੌਣਾ (ਘੁੰਮਣਾ) ਅਤੇ ਸੌਣਾ (ਸੌਂ ਜਾਣਾ) ਦੀ ਥਾਂ 'ਭੈਣਾ' ਅਤੇ 'ਸੈਣਾ' ਬੋਲਿਆ ਜਾਂਦਾ ਹੈ।

੧੬। ਕਈ ਸੰਗਿਆ ਦੇ ਮੁਢਲੇ ਅੱਖਰ ਨਾਲ ਕੰਨਾ (ਾ) ਲਾ ਕੇ ਉਸ ਦੇ ਮੁੱਢਲੇ ਅੱਖਰ ਦੇ ਉਚਾਰਨ ਨੂੰ ਦੀਰਘ ਕਰਨਾ ਪੋਠੋਹਾਰੀ ਵਿਚ ਆਮ ਮਿਲਦਾ ਹੈ ਜਿਵੇਂ—'ਘਰ' ਨੂੰ 'ਘਾਰ' ਤੇ 'ਹੜ੍ਹ' ਨੂੰ 'ਹਾੜ' ਆਦਿ।

੧੭) ਉਹ ਸੰਗਿਆ ਜਿਸ ਦੇ ਅੰਤਲੇ ਅੱਖਰ ਨਾਲ ਦੁਲੈਂਕੜ ਹੋਵੇ ਪੋਠੋਹਾਰੀ ਵਿਚ ਆਮ ਤੌਰ ਤੇ ਅਨੁਨਾਸਕ (Nazalise) ਕਰ ਕੇ ਬੋਲੀ ਜਾਂਦੀ ਹੈ ਜਿਵੇਂ—'ਆਲੂ' ਨੂੰ 'ਆਲੂੰ', 'ਪਿੱਸੂ' ਨੂੰ 'ਪਿੱਸੂੰ', 'ਕੱਦੂ' ਨੂੰ 'ਕੱਦੂੰ' ਅਤੇ 'ਬਿੱਚੂ' ਨੂੰ 'ਬਿੱਚੂੰ' ਆਦਿ।

੧੮) 'ਮਾਂ', 'ਭੈਣ', 'ਭਰਾ' ਤੇ 'ਪਿਉ' ਆਦਿ ਦੇ ਪਿੱਛੇ 'ਊ' ਵਧਾ ਕੇ 'ਮਾਊ', 'ਭੈਣੂ', 'ਭਰਾਊ' ਅਤੇ 'ਪਿਊ' ਆਦਿ ਉਚਾਰਿਆ ਜਾਂਦਾ ਹੈ।

੧੯) 'ਲਹਿੰਦੀ' ਦੇ ਨਾਲ ਲਗਦੇ ਇਲਾਕੇ ਵਿਚ ਟਿੱਪੀ (ੰ) ਦਾ ਉਚਾਰਨ ਅਧਕ (ੱ) ਵਾਂਗ ਕੀਤਾ ਜਾਂਦਾ ਹੈ ਜਿਵੇਂ—ਕੰਘੀ, ਸੰਘੀ, ਕੰਧ, ਸੰਢ ਤੇ ਲੰਘ ਆਦਿ ਨੂੰ ਕੱਘੀ, ਸੱਘੀ, ਕੱਧ, ਸੱਢ ਅਤੇ ਲੱਘ ਆਦਿ।

੨੦) ਕ੍ਰਿਆ ਵਿਸ਼ੇਸ਼ਣ ਦੇ ਪਿੱਛੇ 'ਓਕਾ' ਪਰਤਿਆ ਲਾ ਕੇ ਵਿਸ਼ੇਸ਼ਣ ਬਣਾਇਆ ਜਾਂਦਾ ਹੈ ਜਿਵੇਂ—ਕਲ੍ਹ, ਪਰ, ਅਜ ਅਤੇ ਕਦ ਤੋਂ ਕਲ੍ਹੋਕਾ, ਪਰੋਕਾ, ਅਜੋਕਾ ਅਤੇ ਕਦੋਕਾ ਆਦਿ।

੨੧) ਪੋਠੋਹਾਰ ਦੇ ਵਸਨੀਕ ਲਿਖਣ ਤੇ ਬੋਲਣ ਸਮੇਂ ਅਧਕ ਦੀ ਵਰਤੋਂ ਬਹੁਤ ਹੀ ਜ਼ਿਆਦਾ ਕਰਦੇ ਹਨ। ਇਸੇ

ਕਰ ਕੇ ਪ੍ਰਿੰਸੀਪਲ ਤੇਜਾ ਸਿੰਘ ਨੇ ਅਧਕ (ੱ) ਨੂੰ 'ਪੋਠੋਹਾਰਨ' ਸੱਦਿਆ ਹੈ। ਪੋਠੋਹਾਰ ਵਿਚ 'ਪਿਤਾ' ਨੂੰ 'ਪਿੱਤਾ', 'ਪਤਾ' ਨੂੰ 'ਪੱਤਾ' ਕਰ ਕੇ ਉਚਾਰਦੇ ਹਨ।

੨੨) ਦੁਲਾਈਆਂ (ੈ) ਦੀ ਥਾਂ ਕਨੌੜਾ (ੌ) ਦੀ ਵਰਤੋਂ ਵੀ ਪੋਠੋਹਾਰੀ ਵਿਚ ਕਾਫ਼ੀ ਕੀਤੀ ਜਾਂਦੀ ਹੈ ਜਿਵੇਂ—'ਮਾਰ ਪੈਸੀ' ਦੀ ਥਾਂ 'ਮਾਰ ਪੌਸੀ'।

੨੩) ਕੇਂਦਰੀ ਪੰਜਾਬੀ ਦੀ ਕ੍ਰਿਆ ਅਤੇ ਪੋਠੋਹਾਰੀ ਦੀ ਕ੍ਰਿਆ ਵਿਚ ਤਾਂ ਢੇਰ ਫ਼ਰਕ ਹੈ, 'ਗਾ' ਅਤੇ 'ਗੀ' ਦੀ ਥਾਂ 'ਸਾ' ਅਤੇ 'ਸੀ' ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ—'ਜਾਵਾਂਗਾ' ਨੂੰ 'ਜਾਸੀ', 'ਖਾਵੇਗੀ' ਨੂੰ 'ਖਾਸੀ' ਅਤੇ 'ਆਵੇਗਾ' ਨੂੰ 'ਆਸੀ' ਕਰ ਕੇ ਬੋਲਿਆ ਜਾਂਦਾ ਹੈ।

ਤਰਤੀਬ ਅਤੇ ਤਕਨੀਕ

ਪੋਠੋਹਾਰੀ-ਕੋਸ਼ ਦੀ ਤਰਤੀਬ ਅਤੇ ਤਕਨੀਕ ਅਸਾਂ ਉਹੋ ਹੀ ਰੱਖੀ ਹੈ ਜੋ ਪਹਿਲਾਂ ਸਾਡੇ ਛਪ ਚੁੱਕੇ 'ਪੰਜਾਬੀ-ਕੋਸ਼' ਦੀ ਸੀ। ਮਹਿਕਮੇ ਦਾ ਇਹ ਜਤਨ ਹੈ ਕਿ ਇਸ ਵੱਲੋਂ ਛਪਣ ਵਾਲੇ ਸਾਰੇ ਕੋਸ਼ਾਂ ਵਿਚ ਤਰਤੀਬ ਅਤੇ ਤਕਨੀਕ ਇਕੋ ਹੀ ਰੱਖੀ ਜਾਵੇ ਤਾਕਿ ਪਾਠਕ ਜਦੋਂ ਵੀ ਇਸ ਮਹਿਕਮੇ ਦੇ ਕੋਸ਼ਾਂ ਨੂੰ ਵਰਤਣਾ ਚਾਹੁਣ ਤਾਂ ਉਨ੍ਹਾਂ ਨੂੰ ਕਿਸੇ ਵੱਖਰੀ ਤਰਤੀਬ ਜਾਂ ਤਕਨੀਕ ਦੇ ਝਗੜੇ ਵਿਚ ਨਾ ਪੈਣਾ ਪਵੇ ਤੇ ਇਕੋ ਵਾਰ ਸਾਡੀ ਨਿਸ਼ਚਿਤ ਕੀਤੀ ਤਰਤੀਬ ਨੂੰ ਸਮਝ ਕੇ ਉਹ ਸਾਡੇ ਸਾਰੇ ਕੋਸ਼ਾਂ ਨੂੰ ਸੁਗਮਤਾ ਨਾਲ ਵਰਤ ਸਕਣ। ਅਸੀਂ ਆਪਣੇ ਇਨ੍ਹਾਂ ਕੋਸ਼ਾਂ ਵਿਚ ਅੱਖਰ-ਕ੍ਰਮ ਨੂੰ ਮੁਖ ਰੱਖਿਆ ਹੈ। ਪਹਿਲੇ ਮਿਲਦੇ ਪੁਰਾਣੇ ਕੋਸ਼ਾਂ ਵਾਂਗ ਵਿਸ਼ਾ-ਕ੍ਰਮ ਨੂੰ ਨਹੀਂ। ਇਸ ਦਾ ਕਾਰਨ ਇਹ ਹੈ ਕਿ ਡਿਕਸ਼ਨਰੀ ਦੀ ਤਰਤੀਬ ਸਬੰਧੀ ਹੋਈ ਮੌਜੂਦਾ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅੱਖਰ-ਕ੍ਰਮ (Alfphabetical order) ਹੀ ਇਕ ਐਸਾ ਵਿਗਿਆਨਕ-ਕ੍ਰਮ ਹੈ ਜਿਸ ਦੁਆਰਾ ਪਾਠਕ ਬੜੀ ਹੀ ਆਸਾਨੀ ਨਾਲ ਕੋਸ਼ ਵਿੱਚੋਂ ਸ਼ਬਦ ਲੱਭ ਸਕਦੇ ਹਨ।

ਜਿਵੇਂ ਪੰਜਾਬੀ-ਕੋਸ਼ ਵਿਚ ਮੁੱਖ-ਸ਼ਬਦ ਦੇ ਅਧੀਨ ਸਾਰੇ ਉਪ-ਸ਼ਬਦ (Derivatives), ਅਖੌਤਾਂ, ਮੁਹਾਵਰੇ ਤੇ ਸਮਾਸ ਅੱਖਰ-ਕ੍ਰਮ ਅਨੁਸਾਰ ਦਿੱਤੇ ਹਨ, ਐਨ ਉਸੇ ਤਰ੍ਹਾਂ ਇਹੋ ਤਰਤੀਬ ਪੋਠੋਹਾਰੀ ਕੋਸ਼ ਵਿਚ ਅਪਣਾਈ ਗਈ ਹੈ ਜਿਵੇਂ—'ਇੱਟੀ' ਨੂੰ ਮੁਖ-ਸ਼ਬਦ ਮੰਨ ਕੇ 'ਇੱਟੀ ਟੋਲਾ' ਅਤੇ 'ਇੱਟੀ ਡੰਡਾ' ਆਦਿ ਉਪ-ਸ਼ਬਦ (Derivatives) ਉਸ ਦੇ ਅਧੀਨ ਰੱਖੇ ਗਏ ਹਨ। ਇਸੇ ਤਰ੍ਹਾਂ 'ਆਂਦਰਾ' ਮੁਖ-ਸ਼ਬਦ ਦੇ ਅਧੀਨ 'ਆਂਦਰੇ ਕੁਧਦੇ, ਕੁੜ ਕੁੜ ਕੁਧਦੇ' ਆਦਿ ਅਖੌਤਾਂ ਵੀ ਆਪਣੇ ਅੱਖਰ-ਕ੍ਰਮ ਅਨੁਸਾਰ ਰੱਖੀਆਂ ਗਈਆਂ ਹਨ। ਕਿਸੇ ਮੁਖ-ਸ਼ਬਦ ਹੇਠ ਆਉਣ ਵਾਲੇ ਮੁਹਾਵਰਿਆਂ ਦੀ ਤਰਤੀਬ ਵੀ ਓਹੀ ਰੱਖੀ ਗਈ ਹੈ ਜੋ ਅੱਖਰ-ਕ੍ਰਮ ਅਨੁਸਾਰ ਬਣਦੀ ਹੈ, ਜਿਵੇਂ—'ਕੁੱਛ' ਮੁਖ ਸ਼ਬਦ ਹੇਠ 'ਕੁੱਛਾਂ ਫੋਲਣੀਆਂ' 'ਕੁੱਛਾਂ ਵਿਚ ਵੜਨਾ' ਆਦਿ ਮੁਹਾਵਰੇ ਆਪਣੇ ਅੱਖਰ-ਕ੍ਰਮ ਅਨੁਸਾਰ ਆਏ ਹਨ।

ਕਈ ਥਾਂ ਸ਼ਬਦ ਕੇਂਦਰੀ ਹੁੰਦਾ ਹੈ ਪਰ ਪੋਠੋਹਾਰੀ ਵਿਚ ਉਸ ਦੇ ਮੁਹਾਵਰੇ, ਅਖੌਤਾਂ ਜਾਂ ਸਮਾਸ ਆਪਣੇ ਹੀ ਢੰਗ ਦੇ ਬਣੇ ਹੁੰਦੇ ਹਨ, ਜਿਨ੍ਹਾਂ ਦਾ ਪਰਯੋਗ ਪੋਠੋਹਾਰੀ ਤੋਂ ਸਿਵਾ ਹੋਰ ਕਿਧਰੇ ਨਹੀਂ ਹੁੰਦਾ। ਇਹੋ ਜਹੀ ਸਥਿਤੀ ਵਿਚ ਕੇਂਦਰੀ ਸ਼ਬਦ ਨੂੰ ਕੇਂਦਰੀ ਹੋਣ ਕਰਕੇ ਇਸ ਕੋਸ਼ ਵਿਚ ਮੁਖ ਸ਼ਬਦ ਨਹੀਂ ਰਖਿਆ ਗਿਆ ਪਰ ਉਸ ਦੇ ਉਪ-ਸ਼ਬਦ, ਸਮਾਸ, ਮੁਹਾਵਰੇ ਤੇ ਅਖੌਤਾਂ ਆਦਿ ਆਪਣੇ ਅਖਰ-ਕ੍ਰਮ ਅਨੁਸਾਰ ਉਵੇਂ ਜਿਵੇਂ ਰੱਖੇ ਗਏ ਹਨ ਜਿਵੇਂ ਕਿ ਮੁਖ-ਸ਼ਬਦ ਦੇ ਹੁੰਦਿਆਂ ਹੋਇਆਂ ਉਨ੍ਹਾਂ ਨੂੰ ਰਖਿਆ ਜਾਣਾ ਚਾਹੀਦਾ ਸੀ। ਉਦਾਹਰਣ 'ਸੌ' ਸ਼ਬਦ ਦੇ ਪੋਠੋਹਾਰੀ ਮੁਹਾਵਰੇ ਤੇ ਅਖੌਤਾਂ ਤੇ ਹੋਰ ਉਪ-ਸ਼ਬਦਾਂ ਨੂੰ ਗਹੁ ਨਾਲ ਵੇਖੋ। 'ਸੌ' ਕੇਂਦਰੀ ਸ਼ਬਦ ਹੋਣ ਕਰਕੇ ਠੀਕਾਰਥ ਨਹੀਂ ਕੀਤਾ ਗਿਆ ਪਰ ਉਸ ਦੇ ਅਧੀਨ 'ਸੌ ਕਰੀਏ', 'ਸੌ ਦਾਂਦੀਆ', 'ਸੌ ਦਾਂਦੀਆ ਵੀ ਇਕ ਦਾਂਦੀਏ ਕੋਲ ਜਾਨੈ' ਅਤੇ 'ਸੌ ਦਿਹਾੜਾ ਚੋਰੇ ਨਾ ਇਕ ਦਿਹਾੜਾ ਸ਼ਾਹਦੇ ਨਾ' ਆਦਿ ਉਪ-ਸ਼ਬਦ ਅਤੇ ਅਖੌਤਾਂ ਦਰਜ ਹੋਈਆਂ ਹਨ।

ਪੋਠੋਹਾਰੀ ਸ਼ਬਦ ਦੇ ਅਰਥ ਦੱਸਣ ਲਈ ਉਸ ਸ਼ਬਦ ਦੇ ਸਾਹਮਣੇ ਕੇਵਲ ਟਕਸਾਲੀ ਬੋਲੀ ਦੇ ਤੁਲਨਾਤਮਕ ਸ਼ਬਦ ਦਿੱਤੇ ਗਏ ਹਨ। ਵਧੇਰੇ ਅਰਥਾਂ ਜਾਂ ਵਿਸਥਾਰ ਦੀ ਲੋੜ ਨਹੀਂ ਸਮਝੀ ਗਈ, ਪਰ ਜਿੱਥੇ ਕੋਈ ਢੁੱਕਵਾਂ ਤੁਲਨਾਤਮਕ ਜਾਂ ਪਰਿਆਇਵਾਚੀ ਸ਼ਬਦ ਨਹੀਂ ਮਿਲਿਆ ਉਥੇ ਅਰਥਾਂ ਨੂੰ ਸਪਸ਼ਟ ਕਰਨ ਲਈ, ਵਿਸਥਾਰ ਤੋਂ

ਵੀ ਕੰਮ ਲਿਆ ਗਿਆ ਹੈ ਅਤੇ ਵਾਹ ਲਗਦੇ ਉਸ ਸ਼ਬਦ ਦੀ ਕੁਟੇਸ਼ਨ (Quotation) ਵੀ ਨਾਲ ਦਿੱਤੀ ਹੈ ਜਿਵੇਂ ਕਿ ਵੇਖੋ ਸ਼ਬਦ 'ਝਾਂਜ', 'ਝੱਰਣ' ਅਤੇ 'ਲਾਇਕਦਾਰ' ।

ਸਮੁੱਚੇ ਪੰਜਾਬੀ ਸਾਹਿਤ ਉੱਤੇ ਝਾਤ ਮਾਰਿਆਂ ਇਹ ਪਤਾ ਲਗਦਾ ਹੈ ਕਿ ਪੋਠੋਹਾਰੀ ਉਪਬੋਲੀ ਨੇ ਪੰਜਾਬੀ ਸਾਹਿਤ ਦੇ ਕਈ ਪੱਖਾਂ ਨੂੰ ਅਮੀਰ ਬਣਾਉਣ ਵਿਚ ਚੋਖਾ ਹਿੱਸਾ ਪਾਇਆ ਹੈ । ਜਿਵੇਂ 'ਸੈਫੁਲ ਮਲੂਕ' ਦਾ ਕਰਤਾ ਮੀਆਂ ਮੁਹੰਮਦ ਬਖ਼ਸ਼ ਅਤੇ ਹੋਰ ਕਈ ਲਿਖਾਰੀ ਪੁਰਾਤਨ ਪੰਜਾਬੀ ਲਿਖਾਰੀਆਂ ਵਿਚ ਪਰਸਿੱਧ ਸਾਹਿਤਕਾਰ ਮੰਨੇ ਜਾਂਦੇ ਹਨ ਓਵੇਂ ਹੀ ਆਧੁਨਿਕ ਪੰਜਾਬੀ ਸਾਹਿਤ ਦੇ ਲਿਖਾਰੀਆਂ ਵਿਚ ਕਾਫ਼ੀ ਗਿਣਤੀ ਪੋਠੋਹਾਰੀ ਲਿਖਾਰੀਆਂ ਦੀ ਹੀ ਹੈ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਨ੍ਹਾਂ ਲਿਖਾਰੀਆਂ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ । ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਡਾਕਟਰ ਮੋਹਨ ਸਿੰਘ, ਡਾਕਟਰ ਗੋਪਾਲ ਸਿੰਘ 'ਦਰਦੀ', ਕਰਤਾਰ ਸਿੰਘ ਦੁਗਲ, ਪ੍ਰੋ. ਮੋਹਨ ਸਿੰਘ 'ਮਾਹਰ', ਨਾਨਕ ਸਿੰਘ ਨਾਵਲਿਸਟ, ਗੁਰਮੁਖ ਸਿੰਘ ਮੁਸਾਫ਼ਰ, ਵਿਧਾਤਾ ਸਿੰਘ 'ਤੀਰ', ਗਿਆਨੀ ਹੀਰਾ ਸਿੰਘ 'ਦਰਦ', ਦਰਸ਼ਨ ਸਿੰਘ 'ਆਵਾਰਾ', ਸਵਿੰਦਰ ਸਿੰਘ ਉੱਪਲ, ਮਹਿੰਦਰ ਸਿੰਘ 'ਸਰਨਾ' ਆਦਿ ਸਾਰੇ ਸਾਹਿਤਕਾਰ ਪੋਠੋਹਾਰ ਦੇ ਹੀ ਜੰਮਪਲ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀ ਉੱਨਤੀ ਅਤੇ ਵਾਧੇ ਵਿਚ ਸ਼ਲਾਘਾਯੋਗ ਹਿੱਸਾ ਪਾਇਆ ਹੈ । ਇਨ੍ਹਾਂ ਸਾਹਿਤਕਾਰਾਂ ਦੀਆਂ ਲਿਖਤਾਂ ਰਾਹੀਂ ਕਈ ਪੋਠੋਹਾਰੀ ਸ਼ਬਦ ਸਾਡੇ ਸਾਹਿਤ ਵਿਚ ਪ੍ਰਵੇਸ਼ ਕਰ ਗਏ ਹਨ ।

ਇਸ ਸ਼ਬਦ-ਕੋਸ਼ ਵਿਚ ਵਰਤੇ ਗਏ ਸੰਕੇਤਾਂ ਦੀ ਸੂਚੀ ਵੱਖਰੀ ਦਿੱਤੀ ਗਈ ਹੈ । ਇਸ ਤੋਂ ਇਹ ਸਪਸ਼ਟ ਹੋ ਜਾਵੇਗਾ ਕਿ ਕਿਹੜਾ ਸੰਕੇਤ ਕਿਹੜੇ ਸ਼ਬਦ ਲਈ ਵਰਤਿਆ ਗਿਆ ਹੈ ।

ਦਲੀਪ ਸਿੰਘ,
ਇਨਚਾਰਜ, ਕੋਸ਼ਕਾਰੀ ਸ਼ਾਖ਼ਾ,
ਪੰਜਾਬੀ ਵਿਭਾਗ, ਪੰਜਾਬ ।

ਪਟਿਆਲਾ,
੧੪-੧੧-੧੯੬੦

ਸੰਕੇਤ

ਅਖੌ.	————	ਅਖੌਤ
ਅਵ.	————	ਅਵਯ
ਇ.	————	ਇਸਤ੍ਰੀ ਲਿੰਗ
ਸੈਫਲ. ਮਲੂ.	————	ਸੈਫੁਲ ਮਲੂਕ
ਸੈਫਲ.	————	ਸੈਫੁਲ ਮਲੂਕ
ਕ੍ਰਿ. ਅਕ.	————	ਕ੍ਰਿਆ ਅਕਰਮਕ
ਕ੍ਰਿ. ਅਪੂ.	————	ਕ੍ਰਿਆ ਅਪੂਰਨ
ਕ੍ਰਿ. ਸਕ.	————	ਕ੍ਰਿਆ ਸਕਰਮਕ
ਕ੍ਰਿ. ਸਮਾ.	————	ਕ੍ਰਿਆ ਸਮਾਸੀ
ਕ੍ਰਿ. ਪ੍ਰੇ.	————	ਕ੍ਰਿਆ ਪ੍ਰੇਰਕ
ਕ੍ਰਿ. ਵਿ.	————	ਕ੍ਰਿਆ ਵਿਸ਼ੇਸ਼ਣ
ਪੁ.	————	ਪੁਲਿੰਗ
ਬ. ਵ.	————	ਬਹੁਵਚਨ
ਮੁਹਾ.	————	ਮੁਹਾਵਰਾ
ਲਹਿੰ.	————	ਲਹਿੰਦੀ
ਲਾ. ਕ੍ਰਿ.	————	ਲਾਗੂ ਕ੍ਰਿਆ
ਵਿ.	————	ਵਿਸ਼ੇਸ਼ਣ

ੳ

ਉਸ ਕੀ—(ਪੜ.) ਉਸ ਨੂੰ

ਉਸ ਕੁਸ—(ਪੜ.) ਉਸ ਕਿਸ

ਉਸਕਲਾ—(ਪੁ.) ਉਸਕਲ

ਉਸ ਕੀ—(ਪੜ.) ਉਸ ਨੂੰ, ਓਹਨੂੰ

ਉਸ ਨਾ—(ਪੜ.) ਉਸ ਦਾ

ਉੱਸਰ ਪੱਸਰ—(ਪੁ.) ਅਸਰ

ਉਸਰੱਗਾ—(ਪੁ.) ਉਸਾਰ, "ਬਿਨ ਫ਼ਰਜ਼ੰਦ ਮੇਰੇ ਕਿਸ ਕਾਰੀ ਇਹ ਸਾਰੇ ਉਸਰੱਗੇ" (ਸੈਫ਼ੁਲ)

ਉਸਲਾ—(ਪੁ.) ਮੰਜੇ ਦਾ ਸੇਰੂ, ਸੇਰੂਆ

ਉਸਾਂਹ—(ਪੜ.) ਉਸ ਨੂੰ

ਉੱਸੇ—(ਪੜ.) ਓਸੇ

ਉੱਸੇ ਆਂ—(ਪੜ.) ਓਸੇ ਨੂੰ

ਉੱਸੇ ਕੀ—(ਪੜ.) ਓਸੇ ਨੂੰ

ਉੱਸ 'ਲੇ—(ਕ੍ਰਿ. ਵਿ.) ਓਸੇ ਵੇਲੇ

ਉੱਸੈ—(ਪੜ.) ਓਸੇ

ਉੱਸੈ ਆਂ—(ਪੜ.) ਓਸੇ ਨੂੰ

ਉੱਸੈ ਕੀ—(ਪੜ.) ਉਸ ਨੂੰ

ਉੱਸੈ ਨਾ—(ਪੜ.) ਉਸੇ ਦਾ

ਉਹਥੇ—(ਵਿ.) ਓਹੋਉ

ਉਹਾ—(ਪੜ.) ਉਹੋ

ਉੱਕਣ—(ਕ੍ਰਿ. ਵਿ.) ਓਕਣ, ਉੱਕਰ

ਉੱਕਰ—(ਵਿ.) ਗੁੱਲੀ ਡੰਡੇ ਵਿੱਚ ਡੰਡੇ ਉੱਤੇ ਗੁੱਲੀ ਦੇ ਬੁੜ੍ਹਕਾਉਣ ਦੀ ਟਕੋਰ। ਥੱਰੀ

ਉੱਕਰੇ—(ਪੁ.)(ਬ.ਵ.) ਫੱਟੀ ਦੇ ਉੱਤੇ ਪਾਏ ਅੱਖਰ; ਪੂਰਨੇ (ਲਾ. ਕ੍ਰਿ. ਪਾਣੇ, ਪੈਣੇ)

ਉੱਗਲਣਾ—(ਕ੍ਰਿ. ਅਕ.) ੧. ਖਿਲ ਪੁੰਲ ਜਾਣਾ (ਮਿਲੇ ਜਾਂ ਗੀਜ਼ ਦਾ), ੨. ਉੱਪੜ ਜਾਣਾ (ਵਲੇ ਹੋਏ ਧਾਗੇ ਆਦਿ ਦਾ) ੩. ਉਤਰ ਜਾਣਾ ਜਾਂ ਖੁਰ ਜਾਣਾ (ਰੰਗ ਦਾ)

ਉਗੇਲੂ—(ਵਿ.) ਕੱਚਾ ਅਤੇ ਫ਼ਿੱਕਾ ਪੈ ਜਾਣ ਵਾਲਾ (ਰੰਗ)

ਉਘਰੀ ਉਘਰੀ ਪੈਂਣਾ—(ਮੁਹਾ.) ਉੱਘਰ ਉੱਘਰ ਪੈਣਾ

ਉੱਘਲ ਮੁੱਘਲ—(ਵਿ.) ਉਥਲ ਮਾਟਾ

ਉੱਘਲਾ ਮੁੱਘਲਾ—(ਪੁ.) ਉਹਲਾ ਮੋਹਲਾ

ਉੱਚਾ ਬੋਲਣਾ—(ਮੁਹਾ.) ਚੀਜ਼ ਦਾ ਮੁੱਲ ਬਹੁਤਾ ਮੰਗਣਾ

ਉਚੜਾ ਪੱਚੜਾ
ਉੱਚਾ ਪੱਚਾ } —(ਕ੍ਰਿ. ਵਿ.) ਉਚੇਰਾ

ਉੱਛੂ—(ਪੁ.) ਉੱਛੂ, ਉਥਰੂ

ਉੱਠ ਨਾ ਹੰਗਾਂ, ਫਿੱਟੇ ਮੂੰਹ ਗੋਡਿਆਂ ਨਾ—(ਅਖੌ.) ਉੱਠ ਨਾ ਸਕਾਂ, ਫਿੱਟੇ ਮੂੰਹ ਗੋਡਿਆਂ ਦਾ

ਉੱਠ ਨੀ ਧੀਏ ਨਿੱਸਲ ਹੋ, ਚਰਖ਼ਾ ਛੋੜ ਤੇ ਚੱਕੀ ਝੋ—(ਅਖੌ.) ਉੱਠ ਨੀ ਧੀਏ ਨਿੱਸਲ ਹੋ, ਚਰਖਾ ਛੱਡ ਤੇ ਚੱਕੀ ਝੋ

ਉੱਡ ਉੱਡ ਪੈਣਾ—(ਮੁਹਾ.) ਬਹੁਤ ਸੋਹਣਾ ਲਗਣਾ, ਫੱਬਣਾ

ਉੱਡਰਨਾ—(ਕ੍ਰਿ. ਅਕ.) ਉੱਡਣਾ

ਉੱਡਾ—(ਵਿ.) ਉੱਡਾ (ਲਾ. ਕ੍ਰਿ. ਹੋਣਾ, ਕਰਨਾ)

ਉੱਡਾਣਾ—(ਕ੍ਰਿ. ਪ੍ਰੇ.) ਉੱਡਾ ਕਰਨਾ

ਉਡਾਰਨਾ—(ਕ੍ਰਿ. ਪ੍ਰੇ.) ਉਡਾਉਣਾ

ਉੱਡੀ ਉੱਡੀ ਪੈਣਾ—(ਮੁਹਾ.) ਉੱਡ ਉੱਡ ਪੈਣਾ

ਉਡਾਰ—(ਵਿ.) ਡਾਰ

ਉਣੱਤਰੀ—(ਵਿ.) ਉਣੱਤੀ

ਉਣਤਰੀ ਬੁਣਤਰੀ—(ਵਿ.) ਉਣਤੀ ਬੁਣਤੀ

ਉਤਲੂੰ—(ਪੁ.) ਚਮੂਣਾ

ਉਤਰ ਸਾਹੀ—(ਵਿ.) ਓਤਰਸਾਹੀ

ਉਤਣੂੰ—(ਪੁ.) ਉਤਣੂੰ

ਉੱਤਾ—(ਵਿ.) ਉੱਤਲਾ

ਉਤਾਵਲ
ਉਤਾਵਲੀ } —(ਵਿ.) ਉਤਾਉਲ, ਉਤਾਉਲੀ

ਉਤਾਵਲਾ—(ਵਿ.) ਕਾਹਲਾ

ਉੱਤੇ'ਲੇ—(ਕ੍ਰਿ. ਵਿ.) ਉਸੇ ਵੇਲੇ

ਉਥਰੂ—(ਪੁ.) ਉਥਰੂ

ਉੱਥੂੰ—(ਕ੍ਰਿ. ਵਿ.) ਉਥੋਂ

ਉੱਥੈ—(ਕ੍ਰਿ. ਵਿ.) ਓਥੇ

ਉੱਥੈ ਕੁੱਥੈ—(ਕ੍ਰਿ. ਵਿ.) ਉਥੇ ਕਿੱਥੇ

ਉੱਦਣ—(ਕ੍ਰਿ. ਵਿ.) ਓਦਣ

ਉੱਦਣ ਕਿੱਦਣ—(ਕ੍ਰਿ. ਵਿ.) ਓਦੋਂ ਕਦੋਂ

ਉੱਦੇ—(ਕ੍ਰਿ. ਵਿ.) ਓਦੇ

ਉੱਦੇ ਕਿੱਦੇ—(ਕ੍ਰਿ. ਵਿ.) ਓਦੇ ਕਿਦੇ

ਉਦੋਕਲਾ—(ਕ੍ਰਿ. ਵਿ.) ਓਦੋਕਣਾ

ਉੱਧਰ ਕੁੱਧਰ—(ਕ੍ਰਿ. ਵਿ.) ਓਧਰ ਕਿੱਧਰ

ਉਨੱਤਰੀ—(ਵਿ.) ਉਨੱਤੀ

ਉਨਤੱਰੀਆਂ—(ਵਿ.) ਉਨੱਤੀਆਂ

ਉਪਰਾ—(ਵਿ.) ਉਪੱਰਲਾ

ਉਪਰਾਂ—(ਕ੍ਰਿ. ਵਿ.) ਉਤਾਂਹ

ਉਪਰੂੰ—(ਕ੍ਰਿ. ਵਿ.) ਉਪਰੋਂ

ਊਪਰੂੰ ਊਪਰੂੰ—(ਕ੍ਰਿ. ਵਿ.) ਉਪਰੋਂ ਉਪਰੋਂ
ਊਪਰੋਂ ਤਲੀ—(ਕ੍ਰਿ. ਵਿ.) ਉਪਰਥਲੀ
ਊਪਰੋਂ ਤਲੀ ਨੇ—(ਵਿ.) ਉਪਰਥਲੀ ਦੇ
ਊਫਰਾਂ—(ਕ੍ਰਿ. ਵਿ.) ਉਤਾਂਹ
ਊੱਫਲਣਾ—(ਕ੍ਰਿ. ਅਕ.) ਉੱਛਲਣਾ
ਊਂਬਰ—(ਵਿ.) ਉਮਰ
ਊਂਬਰਾਂ ਨਾ—(ਵਿ.) ਉਮਰਾਂ ਦਾ
ਊਂਬਾਰੂ—(ਵਿ.) ਉਮਾਰੂ
ਊਮਦੀ—(ਵਿ.) ਉਮਦਾ, "ਚਾਰ ਕੁ ਸੇ ਹੋਰ ਲਿਖ ਲਿਆਏ ਸੂਰਤ ਸੋਹਣੀ ਊਮਦੀ" (ਸੈਫੁਲ)
ਊਮੈਦੀ—(ਵਿ.) ਉਮੀਦ ਵਾਲਾ, "ਕੈਦੇ ਮੰਦਰ ਹਾਂ ਊਮੈਦੀ, ਪੀ ਕੇ ਜਾਮ ਸਬਰ ਦਾ" (ਸੈਫੁਲ)
ਊਰਾ—(ਵਿ.) ਉਰਲਾ
ਊਰਾਰਾ—(ਵਿ.) ਉਰਾਰਲਾ
ਊਰਾਰਾ ਪਾਰਾ—(ਵਿ.) ਉਰਾਰਲਾ ਪਾਰਲਾ
ਊਰਿਆ—(ਵਿ.) ਉਰਲਾ
ਊੱਲਣਾ—(ਕ੍ਰਿ. ਸਕ.) ਉਲ੍ਹਾਰਨਾ
ਊਲੰਡ-ਬਾਜ਼ੀ—(ਵਿ.) ਬੱਚਿਆਂ ਦੀ ਇੱਕ ਖੇਡ ਜਿਸ ਵਿਚ ਗੇਂਦ ਨੂੰ ਉਤਾਂਹ ਉਛਾਲ ਕੇ ਬੋਚਦੇ ਹਨ
ਊਲ੍ਹਾ—(ਪੁ.) ਹੁੱਲ੍ਹਾ
ਊੜਸਣਾ—(ਕ੍ਰਿ. ਸਕ.) ਅੜੁੰਗਣਾ
ਊੜਬਣ—(ਵਿ.) ਅੜਬਣ
ਊਨਣਾ—(ਵਿ.) ਉੜਣ ਵਾਲਾ; ਉੜਦਾ ਹੋਇਆ
ਊੜਨੀ ਧਾਰਨ—(ਵਿ.) ਉੜਦੀ ਧਾਰਨ
ਊਹਰ—(ਕ੍ਰਿ. ਵਿ.) ਉਧਰ
ਊਹਰ ਕੂਹਰ—(ਕ੍ਰਿ. ਵਿ.) ਉੱਧਰ ਕਿੱਧਰ
ਊਹਜੇ—(ਵਿ.) ਉਹੋ
ਊਹੈ—(ਵਿ.) ਓਹੀ
ਊਹੈ ਜੇਹਾ—(ਵਿ.) ਓਹੋ ਜੇਹਾ
ਊਂਠ—(ਪੁ.) ਊਠ
ਊਂਠਵਾਣ—(ਵਿ.) ਊਠਵਾਣ
ਊਂਠਵਾਣੀ—(ਵਿ.) ਊਠਵਾਣ ਦਾ ਕੰਮ
ਓਖਰ—(ਪੁ.) ਖ਼ਰਾਬ ਹੋਇਆ ਚਾਰਾ ਜਾਂ ਦਾਣਾ
ਓਠ—(ਪੁ.) ਹੋਠ
ਓਤਰਮਾਹੀ—(ਵਿ.) ਹੌਂਕੜੀ (ਲਾ. ਕ੍ਰਿ. ਲਗਣੀ)
ਓਤਰ ਨਖੱਤਰ—(ਵਿ.) ਔਤਰ ਨਖੱਤਰ
ਓਤਰਾ—(ਵਿ.) ਔਤਰਾ
ਓਤਰੀ ਨਾ—(ਵਿ.) ਔਤਰੀ ਦਾ (ਗਾਲ੍ਹ)
ਓਪਰਿਹਾਂ—(ਪੁ.) ਓਪਰਾਪਨ (ਲਾ. ਕ੍ਰਿ. ਲਗਣਾ, ਮੰਨਣਾ)
ਊਮਰਾਂ ਨਾ—(ਵਿ.) ਉਮਰਾਂ ਦਾ
ਊਮਰੈ ਨਾ—(ਵਿ.) ਉਮਰ ਦਾ
ਓੜ—(ਵਿ.) ਓੜਕ, (ਲਾ. ਕ੍ਰਿ. ਕਰਨੀ, ਕਰ ਦੇਣੀ)
ਓੜ ਬੰਨਾਂ—(ਪੁ.) ਓੜਕ ਬੰਨਾ

ਅ

ਅਸ—(ਪੜ.) ਅਸੀਂ
ਅਸ ਕੀ—(ਪੜ.) ਅਸਾਂ ਨੂੰ
ਅਸ ਤੁਸ—(ਪੜ.) ਅਸੀਂ ਤੁਸੀਂ
ਅਸ਼ਕਰ—(ਕ੍ਰਿ. ਵਿ.) ਅਕਸਰ
ਅਸਧਾਤੂ ਪੁਣਾ—(ਪੁ.) ਹਰਾਮੀ ਹੋਣ ਦਾ ਭਾਵ, ਹਰਾਮਜ਼ਦਗੀ
ਅਸਧਾਤੀ—(ਵਿ.) ਹਰਾਮੀ
ਅਸਮੰਤਰ—(ਵਿ.) ਹਮਾਤੜ
ਅਸਾਂਹ—(ਪੜ.) ਅਸਾਨੂੰ
ਅਸਾਂਹ ਤੁਸਾਂਹ—(ਪੜ.) ਅਸਾਨੂੰ, ਤੁਸਾਨੂੰ
ਅਸਿਓਂ—(ਪੁ.) ਅੱਸੋਂ, ਅੱਸੂ
ਅੱਸੋਂ—(ਪੁ.) ਅੱਸੂ
ਅਸੋਂ ਮਾਹ ਸਿਆਲਾ, ਦਿਹੇਂ ਧੁੱਪਾਂ ਰਾਤੀਂ ਪਾਲਾ—(ਅਖੌ.) ਅੱਸੂ ਮਾਹ ਸਿਆਲਾ, ਦਿਨੇਂ ਧੁੱਪ ਤੇ ਰਾਤੀਂ ਪਾਲਾ

ਅਹਾ
ਅਹਿਆ }—(ਕ੍ਰਿ. ਅਪੂ.) 'ਹੋਣਾ' ਦਾ ਭੂਤ ਕਾਲ, ਹੈਸੀ, ਸੀ

ਅਹੀਅਸ—(ਕ੍ਰਿ.) ਹੈ ਸੂ
ਅਹੀਐ—(ਕ੍ਰਿ. ਅਪੂ.) ਹੈ
ਅਹੀਸ—(ਕ੍ਰਿ. ਅਪੂ.) ਹੈ ਸਾ ਸੂ

ਅਹਿੰਗਰਨਾ
ਅਹਿੰਗੜਨਾ }—(ਕ੍ਰਿ. ਅਕ.) ਤੌਂਖੜਨਾ

ਅਹਿਣ—(ਕ੍ਰਿ. ਅਪੂ.) ਹਨ
ਅਹੁਦੀ—(ਵਿ.) ਅਉਧ
ਅਹੁਦੀ ਪੁੱਗਣੀ—(ਮੁਹਾ.) ਅਉਧ ਪੁਗਣੀ
ਅਹੁਰ—(ਵਿ.) ਕਾਹਲੀ
ਅਹੈ—(ਕ੍ਰਿ. ਅਪੂ.) ਹੈ

ਅਕੱਤਰੀ
ਅਕੱਤ੍ਰੀ }—(ਵਿ.) ਇਕੱਤੀ

ਅਕੱਤਰੀਆਂ } —(ਵਿ.) ਇਕੱਤੀਆਂ
ਅਕੱਤ੍ਰੀਆਂ }

ਅਕਤੇਸ—(ਵਿ.) ਅਕੜਾਊ

ਅਕਾਈ ਮਾਰਨਾ—(ਮੁਹਾ.) ਅੜਾ ਮਾਰਨਾ

ਅੱਕੀ ਜਾਣਾ—(ਕ੍ਰਿ. ਅਕ.) ਅੱਕ ਜਾਣਾ

ਅੱਖ ਪਰੱਤਣੀ—(ਮੁਹਾ.) ਅੱਖ ਪੁੱਟਣੀ

ਅੱਖ ਫਰੱਖੀ ਨਾ ਮਿਲੈ, ਮੂੰਹੇ 'ਚ ਰਿਹਾ ਗਰਾਹ—(ਅਖੌ.) ਅੱਖ ਫਰਕਣੀ ਨਾ ਮਿਲੇ, ਮੂੰਹ ਵਿੱਚ ਰਿਹਾ ਗਰਾਹ

ਅਖ਼ਤਾ—(ਵਿ.) ਕਾਹਲਾ

ਅਖ਼ਤਾ ਪੈਣਾ—(ਮੁਹਾ.) ਕਾਹਲਾ ਪੈਣਾ

ਅੱਖਾਂ ਅੱਗੇ ਸਰ੍ਹਿਉਂ (ਸਰ੍ਹਿਆਂ) ਫੁਲੀ ਜਾਣੀ—(ਮੁਹਾ.) ਅੱਖਾਂ ਅੱਗੇ ਸਰ੍ਹੋਂ ਫੁੱਲ ਜਾਣੀ

ਅਖਾਂ 'ਚ ਲੂਣ ਬਾਹਣਾ—(ਮੁਹਾ.) ਅੱਖਾਂ ਵਿੱਚ ਲੂਣ ਪਾਉਣਾ

ਅੱਖਾਂ 'ਚ ਲੂਣ ਬਾਹੀ ਜਾਣਾ—(ਮੁਹਾ.) ਅੱਖਾਂ ਵਿੱਚ ਲੂਣ ਪਾ ਜਾਣਾ

ਅੱਖਾਂ ਟੁਟ (ਟੁਟੀ) ਜਾਣਾ } —(ਮੁਹਾ.) ਅੱਖਾਂ ਮੀਟ ਜਾਣਾ
ਅੱਖੀਂ ਟੁਟ(ਟੁਟੀ) ਜਾਣਾ }

ਅੱਖਾਂ ਮੱਥੇ ਤੇ ਲਾਈ ਲੈਣੀਆਂ—(ਮੁਹਾ.) ਸਿਰ ਮੱਥੇ ਤੇ ਰਖਣਾ

ਅੱਖੀਂ ਪਾਇਆ ਨਾ ਰੜਿਕਣਾ—(ਮੁਹਾ.) ਅੱਖੀਂ ਪਾਇਆ ਨਾ ਰੜਕਣਾ

ਅਖੀਰ ਹੋਈ ਗੱਛਣੀ (ਜਾਣੀ)—(ਮੁਹਾ.) ਅਖੀਰ ਹੋ ਜਾਣੀ

ਅਖੁਟਣਾ—(ਕ੍ਰਿ. ਅਕ.) ਖੁਟਣਾ

ਅੱਖੋਂ ਓਹਲੇ ਪੱਤ ਝੜੋਲੇ—(ਅਖੌ.) ਅੱਖੋਂ ਓਹਲੇ ਪਾ ਝੜੋਲੇ

ਅਖੇਨਾ—(ਪੁ.) ਅੱਖ ਦਾ ਕੋਨਾ

ਅਖੇੜ—(ਪੁ.) ਖੇੜ, ਅਖਰੋਟ

ਅਖੇੜੀ—(ਵਿ.) ਖੇੜੀ

ਅੱਗ ਖਾਸੀ (ਖੇਸੀ) ਤੇ ਅੰਗਾਰ ਹੱਗਸੀ—(ਅਖੌ.) ਅੱਗ ਖਾਵੇ ਅੰਗਾਰ ਹੱਗੇ

ਅੱਗ-ਖਾਇਆ—(ਵਿ.) ਅੱਗ ਖਾਣ ਵਾਲਾ (ਇੱਕ ਗਾਲ੍ਹ ਹੈ)

ਅੱਗ-ਲਾਇਆ—(ਵਿ.) ਅੱਗ ਲਾਊ

ਅੱਗਸਾਹਰਾ—(ਵਿ.) ਇਕਸਾਰ

ਅੱਗਣਾ—(ਕ੍ਰਿ. ਸਕ.) ਖੁਣਨਾ (ਮਾਤਾ ਦਾ ਟੀਕਾ)

ਅੱਗਲ—(ਵਿ.) ਉਂਗਲ

ਅੱਗਲ-ਗਲੂਣਾ—(ਵਿ.) ਅੱਗਲਕੂਟਾ

ਅੱਗਲ ਮਿੱਤਾ—(ਵਿ.) ਅਣਮਿੱਤਾ

ਅਗਲ ਨਹੀਂ ਡਾਂਢਨੇ, ਹੋਰ ਵਿੱਡ ਕੰਢੀ ਆਵਨੇ—(ਅਖੌ.) ਜਦ ਅਗਲੇ ਹੀ ਚੰਗੇ ਨਾ ਲਗਦੇ ਹੋਣ ਤੇ ਉੱਤੇ ਹੋਰ ਆਈ ਜਾਣ ਤਾਂ ਕਹਿੰਦੇ ਹਨ

ਅੱਗਾ ਤੈਂਡਾ ਪਿੱਛਾ ਮੈਂਡਾ—(ਮੁਹਾ.) ਅੱਗਾ ਤੇਰਾ, ਪਿੱਛਾ ਮੇਰਾ

ਅੱਗੀ ਤੇ ਤੇਲ ਬਾਹਣਾ—(ਮੁਹਾ.) ਅੱਗ ਤੇ ਤੇਲ ਪਾਉਣਾ

ਅੱਗੀ ਨਾ ਸੜਿਆ ਟਨਾਹੇ ਕੋਲੂੰ ਡਰਨੈਂ—(ਅਖੌ.) ਅੱਗ ਦਾ ਸੜਿਆ ਟਟਹਿਣੇ ਤੋਂ ਡਰਦਾ ਹੈ

ਅੱਗੀ ਤੇ ਮੂਤਰਨਾ—(ਮੁਹਾ.) ਕੋਝੇ ਕੰਮ ਕਰਨਾ

ਅਗੋਂਚੀ ਚਮਚਾ—(ਵਿ.) ਅਗੇਤੂ

ਅੱਗੈ ਅੱਗੈ ਹੋਣਾ—(ਮੁਹਾ.) ਅੱਗੇ ਅੱਗੇ ਹੋਣਾ

ਅੱਗੈ ਪਿੱਛੈ ਹੋਈ ਰੋਂਛਣਾ—(ਮੁਹਾ.) ਅੱਗੇ ਪਿੱਛੇ ਹ ਜਾਣਾ

ਅਗੈ ਪਿੱਛੈ ਕਰੀ ਛੱਡਣਾ—(ਮੁਹਾ.) ਅੱਗਾ ਪਿਛੇ ਕਰ ਛੱਡਣਾ

ਅੱਗੈ ਅੱਗੈ ਜਾਹ ਕਰਮਾਂ ਨਾ ਖੱਟਿਆ ਖਾਹ—(ਅਖੌ.) ਅੱਗੇ ਅੱਗੇ (ਅਗੇਰੇ) ਜਾਹ ਤੇ ਕਰਮਾਂ ਦਾ ਖੱਟਿਆ ਖਾਹ

ਅੱਗੈ ਪਿੱਛੈ ਤੁਰਨਾ—(ਮੁਹਾ.) ਅੱਗੇ ਪਿਛੇ ਤੁਰਨਾ

ਅੱਗੂੰ—(ਕ੍ਰਿ. ਵਿ.) ਅੱਗੋਂ

ਅੱਗੂੰ ਹੋਈ ਕੈ ਟੱਕਰਨਾ—(ਮੁਹਾ.) ਅੱਗੋਂ ਹੋ ਕੇ ਮਿਲਣਾ

ਅੱਗੂੰ ਦੀ—(ਕ੍ਰਿ. ਵਿ.) ਅੱਗੋਂ ਦੀ

ਅੱਗੂੰ ਨਾ—(ਕ੍ਰਿ. ਵਿ.) ਅੱਗੋਂ ਤੋਂ

ਅੱਗੂੰਵਾਲੀ ਹੋਣਾ (ਹੋਈ ਪੈਣਾ)—(ਮੁਹਾ.) ਅੱਗੋਂ ਵਾਲੀ ਹੋਣਾ (ਹੋ ਪੈਣਾ)

ਅੰਘਰਾ—(ਪੁ.) ਲੰਗਾਰ

ਅੰਘਰੇ ਲਾਹਣਾ } —(ਮੁਹਾ.) ਲੰਗਾਰ ਲਾਹਣਾ
ਅੰਘਰੇ ਲਾਹੀ ਛੋੜਨੇ }

ਅਚਮੀਂ—(ਵਿ.) ਅਚਵੀ, ਅਚਵੀ, ਅਚਪੀ (ਲਾ. ਕ੍ਰਿ. ਲਗਣੀ)

ਅਚੌਚ—(ਕ੍ਰਿ. ਵਿ.) ਚੋਚ

ਅੱਛਣਾ—(ਕ੍ਰਿ. ਅਕ.) ਆਉਣਾ

ਸਾਹਰਾ ਵੇਲਾ ਅੱਛਣਾ, ਗਾਹ ਪਈ ਗੱਚਣਾ—(ਅਖੌ.) ਜਦ ਕਿਸੇ ਦੀ ਵਾਰ ਸਮੇਂ ਸਾਰੀ ਖੇਡ ਹੀ ਉਲਟ ਜਾਵੇ ਤਾਂ ਕਹਿੰਦੇ ਹਨ

ਅੱਛਣਾ ਗੱਛਣਾ—(ਪੁ.) ਆਉਣਾ ਜਾਣਾ

ਅੱਜ ਖਾ ਤੇ ਇਹਾਂ ਖ਼ੁਦਾ—(ਅਖੌ.) ਅੱਜ ਖਾਹ ਤੇ ਕਲ੍ਹ ਦਾ ਖ਼ੁਦਾ

ਅੰਜ—(ਪੁ.) ਅੰਗ

ਅੰਜ ਅੰਜ—(ਪੁ.) ਅੰਗ ਅੰਗ

ਅੰਜ ਪੈਰ—(ਪੁ.) ਅੰਗ ਪੈਰ

ਅੰਜ ਬਾਂਹ—(ਇ.) ਅੰਗ ਬਾਂਹ

ਅਜਮੀਤ—(ਵਿ.) ਜਮੀਤ "ਖਲ੍ਹੋਣ ਦੇਹ, ਹੰਡਾਉਣ ਦੇਹ, ਅਜਮੀਤ ਵੀ ਦੇਹ"

ਅਜਮੀਤ ਕਰਨਾ—(ਮੁਹਾ.) ਜਮੀਤ ਕਰਨਾ

ਅਜਮੀਤੀ—(ਵਿ.) ਜਮੀਤੀ

ਅਜਮੀਤੀ ਹੋਣਾ—(ਮੁਹਾ.) ਜਮੀਤੀ ਹੋਣਾ

ਅੰਜਾਣ ਵਿਦਿਆ ਪ੍ਰਾਣਾਂ ਨਾ ਖੋ—(ਅਖੌ.) ਅੰਞਾਣ ਵਿੱਦਿਆ ਜਾਣ ਦਾ ਖੋ

ਅਜਾਬਾਂ ਨੋ ਮੂੰਹ (ਔਂਕਣਾ) ਆਵਣਾ—(ਮੁਹਾ.) ਮੁਸੀਬਤ ਦੇ ਮੂੰਹ ਆਉਣਾ

ਅਜਾਬੀਂ ਫਾਸਣਾ—(ਮੁਹਾ.) ਅਜ਼ਾਬਾਂ ਵਿੱਚ ਫਸਣਾ

ਅੱਜੀ (ਮੁਸਲਮਾਨ)—(ਪੁ.) ਅੱਬਾ

ਅੱਜੇ—(ਕ੍ਰਿ. ਵਿ.) ਅੱਜੇ

ਅੱਜੇ ਈ—(ਕ੍ਰਿ. ਵਿ.) ਅੱਜ ਹੀ

ਅੱਜੇ ਕੁੱਥੇ—(ਕ੍ਰਿ. ਵਿ.) ਅਜੇ ਕਿੱਥੇ

ਅੱਜੋਂ ਲਾ—(ਕ੍ਰਿ. ਵਿ.) ਅੱਜ ਤੋਂ ਲੈ ਕੇ

ਅੰਝ—(ਪੁ.) ਅੰਗ

ਅੰਝ ਅੰਝ—(ਪੁ.) ਅੰਗ ਅੰਗ

ਅਝਕਣਾ—(ਕ੍ਰਿ. ਅਕ.) ਅਟਕਣਾ

ਅੱਟ—(ਪੁ.) ਹਲਟ

ਅੱਟਾ—(ਪੁ.) ਅੰਡਾ

ਅਟੇਕਲਾ—(ਪੁ.) ਟੇਕਲਾ

ਅਠੱਤਰੀ
ਅਠੱਤ੍ਰੀ } —(ਵਿ.) ਅਠੱਤੀ

ਅਠੱਤਰੀਆਂ—(ਵਿ.) ਅਠੱਤੀਆਂ

ਅਠਵਾਰੀ—(ਵਿ.) ਅਠਵਾਰਾ

ਅੱਠਾ—(ਪੁ.) ਆਠਾ

ਅੱਠਾ ਮੱਠਾ—(ਪੁ.) ਬੇਹੀ ਰੋਟੀ ਦਾ ਟੁਕੜਾ ਤੇ ਉਹਦੇ ਉੱਤੇ ਖਿਲਾਰ ਕੇ ਲਗਾਈ ਹੋਈ ਮੱਖਣ ਦੀ ਤਹਿ (ਲਾ. ਕ੍ਰਿ. ਕਰਨਾ, ਖਾਣਾ)

ਅੱਡਾ ਮਾਰਨਾ—(ਮੁਹਾ.) ਅੱਡੀ ਮਾਰਨਾ

ਅੱਡਾ ਲੱਗਣਾ—(ਮੁਹਾ.) ਅੜ ਲੱਗਣਾ

ਅੱਡੀਉਂ ਲੋਬ ਲੱਗੀ ਕੇ ਚੋਟੀਉਂ ਜਾਈ (ਕੇ) ਨਿਕਲਣੀ—(ਮੁਹਾ.) ਅੱਡੀ ਤੋਂ ਚੋਟੀ ਤਕ ਅੱਗ ਲੱਗ ਜਾਣੀ

ਅੱਡੀ ਖੇਤਾ—(ਪੁ.) ਅੱਡੇ ਖੇੜਾ

ਅੱਡੀ ਤ੍ਰੁੱਪਾ—(ਪੁ.) ਅੱਡੀ ਟੱਪਾ

ਅੱਡੀ—(ਵਿ.) ਡੱਗੀ

ਅੱਡੇ-ਖੇਤਾ—(ਪੁ.) ਅੱਡੀ ਖੇੜਾ

ਅੰਡੋਲ—(ਕ੍ਰਿ. ਵਿ.) ਅਡੋਲ

ਅੱਢਾ—(ਪੁ.) ਅੱਡਾ

ਅੱਢਾ ਢੈਨਾ—(ਪੁ.) ਅੱਡਾ ਥੈਨਾ

ਅਣਗਿੱਤਾ—(ਵਿ.) ਅਣਗਿਣਿਆ

ਅਣਡਾਖ—(ਵਿ.) ਨਾਵਾਕਫ਼ੀ

ਅਣਡ੍ਰਾਖਾ—(ਵਿ.) ਅਣਜਾਣਿਆ

ਅਣਮਿੱਤਾ—(ਵਿ.) ਅਣ-ਮਿਣਿਆ

ਅਣਵਾਣਾ—(ਕ੍ਰਿ. ਪ੍ਰੇ.) ਮੰਗਵਾਉਣਾ

ਅੰਤ ਆਵਨੀ—(ਮੁਹਾ.) ਅੰਤ ਲਿਆਉਣੀ

ਅੰਤ ਖਿੰਨਣਾ—(ਮੁਹਾ.) ਅੰਤ ਲੈਣਾ

ਅੱਤ ਚਾਣੀ
ਅੰਤਾਂ ਚਾਣੀਆਂ } —(ਮੁਹਾ.) ਅੱਤ ਚੁੱਕਣੀ "ਲੱਖੇ ਲੈਕ ਗਈਆਂ ਤਕ ਸੁਰਤਾਂ, ਦਰਦਾਂ ਅੰਤਾਂ ਚਾਈਆਂ" (ਸਿਫ਼ਲ)

ਅਤ੍ਰੂੰ
ਅਤ੍ਰਿਉਂ
ਅਤਰਿਉਂ } —(ਕ੍ਰਿ. ਵਿ.) ਅਤਰਸੋਂ, ਪਰਸੋਂ

ਅਤਰੇਕੇ—(ਕ੍ਰਿ. ਵਿ.) ਅੰਤਰਕਾਂ

ਅੰਤਾਂ ਨਾ—(ਵਿ.) ਅੰਤ ਦਾ

ਅਤਾਰ—(ਪੁ.) ਐਤਵਾਰ

ਅਤਾਰੋਂ—(ਕ੍ਰਿ. ਵਿ.) ਐਤਵਾਰ ਨੂੰ

ਅੰਤੀ ਆਂ ਆਲੇ ਮਾਰਨੇ
ਅੰਤੀ ਕੀ ਆਲੇ ਮਾਰਨੇ } —(ਮੁਹਾ.) ਮੌਤ ਨੂੰ ਵਾਜਾਂ ਮਾਰਨਾ

ਅੰਤੀ ਜੋਆ
ਅੰਤੀ ਜੋਗਾ } —(ਵਿ.) ਮੌਤ ਜੋਗਾ (ਗਾਲ)

ਅੰਤੀ ਨੇ ਚਾਲਾ—(ਮੁਹਾ.) ਅੱਤ ਨੇ ਚੁਕਣਾ

ਅੱਥਰ—(ਵਿ.) ਅਥਰੂ

ਅੱਥਰ ਨਾ ਸੁਕਣੀ—(ਮੁਹਾ.) ਅਥਰੂ ਨਾ ਸੁਕਣੇ

ਅਥਰੂੰ—(ਪੁ.) ਅਥਰੂ

ਅੰਦਰਾ—(ਵਿ. ਪੁ.) ਅੰਦਰਲਾ

ਅੰਦਰਾਸ—(ਪੁ.) ੧. ਅੰਦਰਸ ੨. ਢੂੰਗਰੀ ਕਾਂਹ

ਅੰਦਰਾਖੜ—(ਪੁ.) ਅੰਦਰਸ

ਅੰਦਰਿਆ—(ਵਿ. ਪੁ.) ਅੰਦਰਲਾ

ਅੰਦਰੂਨਾ—(ਪੁ.) ਅੰਦਰਲਾ "ਤਪ ਤੰਦੂਰ ਹੋਇਆ ਅੰਦਰੂਨਾ, ਜਾਗੀ ਆਤਸ਼ ਗਰਮੀ" (ਸੈਫ਼ੁਲ)

ਅੰਦਰੇ ਨੀ ਮੈਲ—(ਵਿ.) ਅੰਦਰ ਦੀ ਮੈਲ

ਔਦਰੋ ਔਦਰੀ ਪੀ ਗੰਛਣਾ—(ਮੁਹਾ.) ਔਦਰੋ ਔਦਰੀ ਪੀ ਜਾਣਾ

ਅਦਲੇ ਨਾ ਬਦਲਾ—(ਪੁ.) ਅਦਲੇ ਦਾ ਬਦਲਾ

ਔਦੇ ਬਾਹਣਾ—(ਮੁਹਾ.) ਔਦੇ ਪਾਉਣਾ

ਮਾਰੀ ਮਾਰੀ ਕੈ ਔਦੇ ਪਾਈ ਛੋੜਨਾ—(ਮੁਹਾ.) ਮਾਰ ਮਾਰ ਕੇ ਢੂੰਬਾ ਬਣਾ ਦੇਣਾ

ਅਧ ਸਿਰੱਤਾ / ਅਧ ਸਰਿੱਤਾ—(ਪੁ.) ਅੱਧ ਸੀਸਾ, ਅਧਸਿਰਾ

ਅਧਰਾਣਾ—(ਵਿ.) ਅਧੋਰਾਣਾ

ਔਨ੍ਹਾ ਕੁੱਤਾ ਵਾਊ ਆਂ (ਕੀ) ਭੌਂਕੇ—(ਅਖੌ.) ਜਦ ਕੋਈ ਫਜ਼ੂਲ ਕੰਮ ਕਰੇ ਤਾਂ ਕਹਿੰਦੇ ਹਨ

ਔਨ੍ਹੀ ਔਨ੍ਹਾ ਰਲਿਆ ਤੇ ਹਿੱਕਾ ਢੂੰਗਾ ਗਲਿਆ—(ਅਖੌ.) ਔਨ੍ਹੀ ਔਨ੍ਹਾ ਰਲਿਆ ਤੇ ਇੱਕੋ ਢੂੰਗਾ ਗਲਿਆ

ਔਨ੍ਹੀ ਜਵਾਨੀ ਤੇ ਰੇਤੂ ਨੇ ਛੱਕੇ—(ਅਖੌ.) ਔਨ੍ਹੀ ਜਵਾਨੀ ਤੇ ਰੇਤ ਦੇ ਛੱਕੇ

ਔਨ੍ਹੀ ਪੀਹੇ ਤੇ ਕੁੱਤੀ ਚੱਟੈ, ਆਟਾ ਘੱਟੇ ਕਿ ਨਾ ਘੱਟੈ—(ਅਖੌ.) ਔਨ੍ਹੀ ਪੀਹਵੇ ਤੇ ਕੁੱਤਾ ਚੱਟੇ

ਔਨੇ ਨਾ ਬੁਰਾ ਮੰਗਣਾ—(ਮੁਹਾ.) ਔਨ ਦਾ ਬੁਰਾ ਮੰਗਣਾ

ਅਪਣਾ ਵੀ ਨਾ ਕਰੈ ਤੇ ਕੁੜਮਾਂ ਅੱਗੇ ਕਹਿ ਧਰੇ ?—(ਅਖੌ.) ਜਦ ਕੋਈ ਆਪਣੇ ਜੋਗਾ ਵੀ ਨਾ ਹੋਵੇ ਤਾਂ ਕਹਿੰਦੇ ਹਨ

ਔਪਰ—(ਕ੍ਰਿ. ਵਿ.) ਉੱਪਰ

ਅਪਰੋਂ—(ਕ੍ਰਿ. ਵਿ.) ਉੱਪਰੋਂ

ਔਪੜ ਆਵਣਾ—(ਮੁਹਾ.) ਔਪੜ ਆਉਣਾ

ਔਪੜ ਆਵਣਾ—(ਵਿ.) ਔਪੜ ਆਉਣ ਵਾਲਾ

ਅਫਸੋਸੀ—(ਵਿ.) ਅਫਸੋਸ ਕਰਨ ਵਾਲਾ

ਅਫਰਊ—(ਪੁ.) ਅਫਰਾਊ

ਅਬਸ਼ ਆਵਣੀ—(ਮੁਹਾ.) ਸ਼ਰਮ ਆਉਣੀ

ਅਬਸੋਸ—(ਪੁ.) ਅਫਸੋਸ

ਅਬਸੋਸਿਆ—(ਵਿ.) ਅਫਸੋਸਿਆ

ਅਬਰਿਠ, ਅਬ੍ਰਿਠ / ਅਭਰਿਠ, ਅਭ੍ਰਿਠ—(ਵਿ.) ਅੱਤ੍ਰਿਠ

ਔਬਲ—(ਪੁ.) ਅਮਲ

ਔਬਲੀ—(ਵਿ.) ਅਮਲੀ

ਔਬਲੋਕ—(ਪੁ.) ਅਮਲੋਕ

ਔਬੜ ਜਾਇਆ—(ਪੁ.) ਔਮੜੀ ਜਾਇਆ

ਔਬੜ ਜਾਈ—(ਵਿ.) ਔਮੜੀ ਜਾਈ

ਔਬੜੀਕੀ—(ਵਿ.) ਔਬਾਕੜੀ

ਅਬਰੋਈ—(ਵਿ.) ਅਬਰੇ ਵਾਲਾ

ਔਬਾੜੀ—(ਵਿ.) ਔਬ ਦੀ ਫਾੜੀ

ਅੱਬਿਸਾਹਿਆ—(ਵਿ.) ਬੇਵਿਸਾਹਿਆ

ਅੱਬਿਸਾਹੀ—(ਵਿ.) ਬੇਵਸਾਹੀ

ਔਮ—(ਪੁ.) ਔਬ

ਅਮਨ ਕਰਨਾ—(ਮੁਹਾ.) ਆਰਾਮ ਕਰਨੇ

ਅਮੂਹਾਂ—(ਕ੍ਰਿ. ਵਿ.) ਆਪ-ਮੁਹਾਰਾ

ਅਮੀਕੜੀ—(ਵਿ.) ਔਬਾਕੜੀ

ਅਰ—(ਅਵ.) ਅਤੇ, ਓ

ਅਰਕਣ ਮਰਕਣ—(ਵਿ.) ਅੜਕਨ ਮੜਕਣ

ਅਰਗਾਹ—(ਵਿ.) ਅਥਾਹ, "ਇਨਬਾ ਅੱਲਾ ਮੂਰਤ ਤਾਈ ਕੁਝ ਅਰਗਾਹ ਨਾ ਲਗਸੀ" (ਸੈਫੁਲ)

ਅਰਨੌਲੀ—(ਵਿ.) ਹਰਨੌਲੀ

ਅਰੂਲੀ—(ਵਿ.) ਹੌਲਾ, ਅਲ੍ਹੜੀ

ਅਰੂਲੀ ਆਣਨੀ—(ਮੁਹਾ.) ਔਨ੍ਹੀ ਜਾਂ ਔਨ੍ਹੇਰੀ ਲਿਆਉਣਾ

ਅਰੂਲੀ ਜੋਆ / ਅਰਲੀ ਜੋਗਾ—(ਮੁਹਾ.) ਔਨ੍ਹੇਰੀ ਜੋਗਾ

ਅਰੂਲੀ ਲਿਆਵਣੀ—(ਮੁਹਾ.) ਅਰਲੀ ਆਣਨੀ; ਅਲ੍ਹੜੀ ਆਣਨੀ; ਅਨ੍ਹੇਰੀ ਲਿਆਉਣੀ

ਅਰਾਮੀ ਹੋਣਾ—(ਮੁਹਾ.) ਆਰਾਮ ਕਰਨਾ; "ਹਰ ਕੋਈ ਆਪੇ ਆਪਣੀ ਜਾਈ, ਜਾ ਅਰਾਮੀ ਹੋਇਆ" (ਸੈਫੁਲ)

ਅੱਲਣ—(ਪੁ.) ਆਲਣ

ਅੱਲਾ ਪੱਲਾ—(ਪੁ.) ਤਨ ਢਕਣ ਦੇ ਕਪੜੇ

ਅੱਲਾ ਪੱਲਾ ਫੋਲਣਾ—(ਮੁਹਾ.) ਤਲਾਸ਼ੀ ਲੈਣੀ

ਅੱਲਾ ਬੋਲੀ ਕਰਨਾ—(ਮੁਹਾ.) ਕੰਮ ਛੋਹਣਾ

ਅੱਲਾ ਮੰਨਾ—(ਕ੍ਰਿ. ਵਿ.) ਅੱਲਾ ਨੂੰ ਮੰਨਦਿਆਂ ਹੋਇਆਂ

ਅਲੂੰ—(ਵਿ.) ਅਲੂੰਆਂ

ਅਲੂਣਕ—(ਵਿ.) ਲੂਣਕ

ਅਵਾਜ਼ ਸਹਾਰਨਾ—(ਮੁਹਾ.) ਝਿੜਕ ਲੈਣਾ

ਅਵਾਜਾਰਗੀ—(ਵਿ.) ਅਵਾਚਾਰੀ

ਅਵਾਂਝਾ—(ਪੁ.) ਅਵਾੜਾ

ਅਵਾੜ੍ਹਾ—(ਪੁ.) ਰੰਗਿਆੜਾ, "ਨਾਹਲਾਂ ਵਿੱਚੋਂ ਕਹਿਣ ਅਵਾੜੇ, ਅੱਗ ਦਿੱਸੇ ਹਰ ਜਾਈ" (ਸੈਫੁਲ)

ਅਵਾੜਾ—(ਕ੍ਰਿ. ਵਿ.) ਇਕਲਵਾਂਝਾ

ਅਵਾੜੇ—(ਕ੍ਰਿ. ਵਿ.) ਇਕਲਵਾਂਝੇ

ਅੜੂਕ—(ਵਿ.) ਰੜਕ, (ਲਾ. ਕ੍ਰਿ. ਪੈਂਡੀ)

ਅੜਕਣਾ – (ਪੁ.) ਅੜੂਕ

ਅੜੂਲ ਮਾਰੇ ਹੋਣਾ }
ਅੜੂਲ ਲਗਣਾ } —(ਮੁਹਾ.) ਵੈਰ ਲਗਣੇ

ਅੜਵੈਂਗ—(ਵਿ.) ਅੜਬੰਗ

ਅੜਵਾਂਗਪੁਣਾ—(ਪੁ.) ਅੜਬੰਗਪੁਣਾ

ਅੜੀਂਗਣਾ—(ਕ੍ਰਿ. ਅਕ.) ਅੜਿੰਗਣਾ

ਅੜੂੰਗੜੀ—(ਵਿ.) ਅੜੀਂਗੜੀ

ਅੜੂਕ—(ਪੁ.) ਅੜੇਕਾ

ਅੜੇਂਗੜੀ—(ਵਿ.) ਅੜੀਂਗੜੀ

ਆਊਨਿਆਂ ਵੈਨਿਆਂ—(ਕ੍ਰਿ. ਵਿ.) ਆਉਂਦਿਆਂ ਜਾਂਦਿਆਂ

ਆ—(ਅਵ.) ਆਹਾ, ਹੈ

ਆਂ—(ਸਬੰ.) ਨੂੰ

ਆਇਆ—(ਪੁ.) ਮੇਤਾ (ਅ)

ਆਇਆ ਬੀਬੀ ਨਾ ਵਾਰਾ }
ਉਜੜੀ ਗਿਆ ਤਖ਼ਤ ਹਜ਼ਾਰਾ } —(ਅਖੌ.) ਆਇਆ ਬੀਬੀ ਦਾ ਵਾਰਾ, ਉੱਜੜ ਗਿਆ ਤਖ਼ਤ ਹਜ਼ਾਰਾ

ਆਈ ਤੇ ਅੱਪੜਨਾ—(ਮੁਹਾ.) ਆਈ ਤੇ ਅੱਪੜਨਾ

ਆਈ ਤੇ ਅੱਪੜੀ ਜਾਣਾ—(ਮੁਹਾ.) ਆਈ ਤੇ ਆ ਜਾਣਾ

ਆਸ ਦਰ ਆਵਣੀ—(ਮੁਹਾ.) ਆਸ ਬਰ ਆਉਣੀ

ਆਸ ਦਰ ਲਿਆਵਣੀ—(ਮੁਹਾ.) ਆਸ ਬਰ ਲਿਆਉਣੀ

ਆਸੇ ਆਸੇ—(ਕ੍ਰਿ. ਵਿ.) ਆਸ ਹੀ ਆਸ ਵਿੱਚ

ਆਂਹ—(ਸਬੰ.) ਨੂੰ

ਆਹ }
ਆਹੀ } —(ਕ੍ਰਿ. ਅਪੂ.) ਸੀ, ਹੈਸੀ, ਹੈ ਸੀ, ਸਾਂ

ਆਹਸ—(ਕ੍ਰਿ. ਅਕ. ਭੂਤਕਾਲ) ਹੈਸੀ, ਸਾਂ

ਆਂਹਰਾਸ—(ਵਿ.) ਆਸੰਗ

ਆਹਰ ਸਾਹਰ ਨਾ ਹੋਣਾ—(ਮੁਹਾ.) ਅਸਰ ਸਾਰ ਨਾ ਹੋਣਾ

ਆਹਰ—(ਅਵ.) ਅਰ

ਆਹਲੀ ਮੁਆਲੀ—(ਪੁ.) ਵਾਲੀ ਵਾਰਸ

ਆਹਵੜਨਾ—(ਕ੍ਰਿ. ਅਕ.) ੧. ਅਹੁੜਨਾ, ੨. ਉੱਲਰਨਾ

ਆਹਾ—(ਕ੍ਰਿ. ਅਪੂ.) ਹੈਸੀ, ਸੀ, ਅਹਿਆ

ਆਹਿਆ—(ਕ੍ਰਿ. ਅਪੂ.) ਅਹਿਆ

ਆਹਲ—(ਪੁ.) ਅਰਲ, ਹੋੜਾ

ਆਖਰਾਂ ਨਾ—(ਵਿ.) ਆਖਰ ਦਾ

ਆਖਰੀ ਕੀ ਆਸ਼ੇ ਮਾਰਨੇ—(ਮੁਹਾ.) ਮੌਤ ਨੂੰ ਵਾਜਾਂ ਮਾਰਨਾ

ਆਖਰੀ ਜੋਗਾ—(ਵਿ.) ਮਰਨ ਜੋਗਾ (ਗਾਲ੍ਹ ਹੈ)

ਆਖਿਆ ਬਾਇਆ—(ਪੁ.) ਆਖਿਆ ਵੇਖਿਆ

ਆਖਿਆ ਬਾਇਆ ਮਾਫ਼ ਕਰਨਾ—(ਮੁਹਾ.) ਆਖਿਆ ਵੇਖਿਆ ਮੁਆਫ਼ ਕਰਨਾ

ਆਜਲ—(ਵਿ.) ਆਜਜ਼

ਆਜਤੀ—(ਵਿ.) ਆਜਜ਼ੀ

ਆਜਤੀ ਪਗੜਨੀ—(ਮੁਹਾ.) ਆਜਜ਼ੀ ਪਕੜਨੀ

ਆਂਟਰਾ—(ਪੁ.) ੧. ਔਤਾ, ੨. ਔਂਤਾ

ਆਂਟੜੇ ਕੁਧਰੇ, ਕੁੜ ਕੁੜ ਕੁਧਰੇ —(ਅਖੌ.) ਅੰਡੇ ਕਿਧਰੇ ਤੇ ਕੁੜ ਕੁੜ ਕਿਧਰੇ

ਆਂਟਾ—(ਪੁ.) ਆਂਟੜਾ

ਆਂਡਲ਼ਾ—(ਪੁ.) ਆਂਡਾ, ਅੰਡਾ

ਆਣਨਾ—(ਕ੍ਰਿ. ਸਕ.) ਲਿਆਉਣਾ

ਆਲ਼ੇ ਕੰਧੀ ਕੰਧੀ ਤੱਕਣਾ—(ਮੁਹਾ.) ਆਲੇ ਕੱਢ ਕੱਢ ਕੇ ਵੇਖਣਾ

ਆਤਕਾਂ ਕੇ ਆਤਕ, ਜਹੇ ਮਾਪੇ ਤਹੇ ਜਾਤਕ—(ਅਖੌ.) ਭਾਵ ਉਲਾਦ ਮਾਪਿਆਂ ਤੇ ਜਾਂਦੀ ਹੈ

ਆਤੜੀਆਂ ਕਵਾਤੜੀਆਂ ਨਿਭਣ ਸਿਰਾਂ ਦੇ ਨਾਲ—(ਅਖੌ.) ਵਾਦੜੀਆਂ ਸੁਜਾਦੜੀਆਂ ਨਿਭਣ ਸਿਰਾਂ ਦੇ ਨਾਲ

ਆਦਮ ਖਾਇਆ—(ਵਿ. ਪੁ.) ਆਦਮਖ਼ੋਰ

ਆਂਦਰਾਂ ਕੀ ਸੇਕ ਅੱਪੜਨਾ }
ਆਂਦਰਾਂ ਕੀ ਸੇਕ ਲੱਗਣਾ } —(ਮੁਹਾ.) ਆਂਦਰਾਂ ਨੂੰ ਸੇਕ ਲਗਣਾ

ਆਂਦਰਾਂ ਕੀ ਹੱਥ ਬਾਹਣਾ—(ਮੁਹਾ.) ਆਂਦਰਾਂ ਨੂੰ ਹੱਥ ਪਾਉਣਾ

ਆਂਦਰਾਂ ਕੀ ਵਲੇਹੜ ਪੈਣੇ—(ਮੁਹਾ.) ਆਂਦਰਾਂ ਨੂੰ ਵੱਟ ਪੈਣੇ

ਆਂਦਰਾਂ ਨਾ ਕੁਲਕਣਾ—(ਮੁਹਾ.) ਆਂਦਰਾਂ ਦਾ ਕੁਲ ਕੁਲ ਕਰਨਾ

ਆਨੀ—(ਵਿ.) ਆਨਾ (ਅੱਖ ਦਾ)

ਆਨੀਆਂ ਕਢਣੀਆਂ—(ਮੁਹਾ.) ਆਨੇ ਕੱਢਣਾ

ਆਨੀਆ-ਸੜਿਆ—(ਵਿ.) ਆਨੇ ਸੜਿਆ (ਗਾਲ੍ਹ ਦੇ ਤੌਰ ਤੇ)

ਆਪਣਾ ਹੀ ਸਿਰ ਮਲੇਣਾ—(ਮੁਹਾ.) ਆਪਣਾ ਹੀ ਸਿਰ ਧੋਣਾ

ਆਪਣਾ ਹੀ ਨਾ ਭਰੇ ਤੇ ਕੁੜਮਾਂ ਅਰੀ ਕਹਿ ਧਰੇ—(ਅਖੌ.) ਜਦ ਕੋਈ ਆਪਣੇ ਜੋਗਾ ਵੀ ਨਾ ਹੋਵੇ ਤਾਂ ਕਹਿੰਦੇ ਹਨ

ਆਪੂੰ—(ਪੜ.) ਆਪ, ਆਪੇ, ਆਪ ਹੀ

ਆਪੂੰ ਹੀ ਆਪੂੰ—ਆਪ ਹੀ ਆਪ

ਆਪੂੰ ਹੀ ਮੈਂ ਰੱਜੀ ਪੁੱਜੀ, ਆਪੂੰ ਮੇਰੇ ਬੱਚੇ ਜੀਵਨ—(ਅਖੌ.) ਆਪੇ ਹੀ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਊਣ

ਆਪੂੰ ਕੱਢਣਾ ਤੇ ਆਪੂੰ ਬਾਹਣਾ—(ਮੁਹਾ.) ਆਪੇ ਕੱਢਣਾ ਆਪੇ ਪਾਉਣਾ

ਆਪੂੰ ਫਾਥੜੀਏ ਤੁਗੀ ਕੁਣ ਛੁਡਾਏ—(ਅਖੌ.) ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ

ਆਪੇ ਧਰਾਪਣਾ
ਆਪੇ ਧਾਪਣਾ }—(ਪੜ.) ਆਪੋ ਆਪਣਾ

ਆਂਬਲਾ—(ਪੁ.) ਆਮਲਾ

ਆਰ—(ਵਿ.) ਔਲ

ਆਰਕ—(ਵਿ.) ਅਰਕ

ਆਰਿਆ—(ਅਵ.) ਆਰੇ

ਆਰੀ—(ਵਿ.) ਅਸਮਰਥ, ਅਸਕਤ ਬੇਵਸ (ਲਾ. ਕ੍ਰਿ. ਹੋਣਾ, ਕਰਨਾ)

ਆਰੇ—(ਅਵ.) ਹਾਂ "ਰੌਸ ਉਨ੍ਹਾਂ ਦੀ ਅਸੇ ਨਾ ਮੰਨੀ, ਮੂਲ ਨਾ ਕੀਤੀ ਆਰੇ" (ਸੋਹਲ)

ਆਲ—(ਕ੍ਰਿ. ਵਿ.) ਅਲ, ਵਲ

ਆਲਾ—(ਪੁ.) ਲਲਕਾਰ, ਲਲਕਾਰਾ "ਸ਼ਾਹ ਸ਼ਾਹਪਾਲ ਖੂਹੇ ਵਿੱਚ ਵੜਿਆ, ਆਪ ਮਰੇਂਦਾ ਆਲੋ" (ਸੋਹਲ)

ਆਲਾ, ਮੁਾਲਾ—(ਪੁ.) ਆਲੀ ਮਵਾਲੀ

ਆਲੂੰ—(ਕ੍ਰਿ. ਵਿ.) ਆਲੂ

ਆਲੂੰ
ਆਲੋਂ }—(ਪੁ.) ਵੱਲੋਂ

ਆਵਣਾ—(ਕ੍ਰਿ. ਸਕ.) ਆਉਣਾ

ਆਵਣ ਆਵਣ ਕਰਨਾ—(ਮੁਹਾ.) ਆਉਣ ਆਉਣ ਕਰਨਾ

ਆਵਣ ਜਾਣਾ—(ਮੁਹਾ.) ਆਉਣਾ ਜਾਣਾ

ਆਵਦਿਆਂ ਜਾਂਦਿਆਂ—(ਕ੍ਰਿ. ਵਿ.) ਆਉਂਦਿਆਂ ਜਾਂਦਿਆਂ

ਆਵਣੇ ਆਵਣੇ 'ਚ ਰਹੀ ਜਾਣਾ—(ਮੁਹਾ.) ਆਉਣ ਜਾਣ'ਚ ਰਹਿ ਜਾਣਾ

ਆਵਨਿਆਂ ਜਾਵਨਿਆਂ—(ਕ੍ਰਿ. ਵਿ.) ਆਉਂਦਿਆਂ ਜਾਂਦਿਆਂ

ਆਵਲੀ—(ਵਿ.) ਵਾਹਰੀ

ਆਵਦੜਾ—(ਕ੍ਰਿ. ਵਿ.) ਆਉਂਦਾ (ਹੋਇਆ)

ਆੜ—(ਪੁ.) ਘਾਹ ਦਾ ਤਰਤੀਬ ਨਾਲ ਲਾਇਆ ਹੋਇਆ ਢੇਰ

ਆੜਕ—(ਵਿ.) ਅੜਕ

ਆੜੀ—(ਵਿ.) ੧. ਅੜ, ੨. ਆੜ

ਐ—(ਕ੍ਰਿ. ਅਪੂ.) ਹੈ

ਐਹ—(ਕ੍ਰਿ. ਅਪੂ.) ਹੈ "ਅਧਾ ਭਾਧਾ ਐਹ ਕੋਈ ਨਹੀਂ, ਗਾਹ ਗਾਹੇਥੇ ਨਾ ਤਰਨੀ ਆਂ" (ਲੋਕ ਗੀਤ)

ਐਹਸ—(ਕ੍ਰਿ. ਅਪੂ.) ਹੈ, ਹੈਸੁ

ਐਡਾ ਕੋਈ ਨਾ—(ਵਿ.) ਐਡਾ ਕੋਈ ਨਾ

ਔਹਰ—(ਵਿ.) ਅਹੁਰ

ਔਖਤ—(ਵਿ.) ਔਗਤ

ਔਖੀ ਢੁੱਕਣੀ—(ਮੁਹਾ.) ਔਖੀ ਬਣਨੀ

ੲ

ਇਸ ਨਾ—(ਪੜ.) ਇਸ ਦਾ

ਇਸ ਕੀ—(ਪੜ.) ਇਸ ਨੂੰ

ਇਸਾਂ
ਇਸਾਂਹ }—(ਪੜ.) ਇਸ ਨੂੰ

ਇੱਸੇ—(ਪੜ. ਵਿ.) ਇਸੇ

ਇੱਸੇ 'ਲੇ—(ਕ੍ਰਿ. ਵਿ.) ਇਸੇ ਵੇਲੇ

ਇੱਸੈ—(ਪੜ.) ਇਸੇ

ਇੱਸੈ ਆਂ—(ਪੜ.) ਇਸੇ ਨੂੰ

ਇੱਸੈ ਕੀ—(ਪੜ.) ਇਸੇ ਨੂੰ

ਇੱਸੈ ਨਾ—(ਪੜ.) ਇਸੇ ਦਾ

ਇਹਾ—(ਪੜ.) ਇਹੋ, ਇਹ ਹੀ

ਇਹਾ—(ਕ੍ਰਿ. ਅਪੂ.) ਅਜਿਹਾ

ਇੱਕ-ਪੁੱਤ—(ਵਿ.) ਇੱਕ ਪੁੱਤਾ

ਇੱਕ ਪੁੱਤੈ—(ਕ੍ਰਿ.ਵਿ.) ਇੱਕ ਪੁੱਤੇ ਹੀ

ਇੱਕ ਪੁੱਤ ਹੋਣੀ—(ਵਿ.) ਇਕ ਪੁੱਤੀ ਹੋਣੀ

ਇਕ-ਵਾਸਾ—(ਵਿ.) ਇਕਵਾਸਾ

ਇਕਸ—(ਵਿ.) ਇਕ ਹੀ

ਇਕਲ੍ਹਸੱਰ—(ਵਿ.) ਇਕੱਲਸਰ

ਇਕੇ—(ਅਵ.) ਜਾਂ, ਜਾਂ, ਇਕੇ

ਇਕਾਂਗ—(ਪੁ.) ਇਕ ਅੰਗ

ਇੱਕੋਤੱਕੀ—(ਕ੍ਰਿ. ਵਿ.) ਇੱਕ ਬੋੜਿੱਕੀ

ਇੱਚਰਾਂ—(ਕ੍ਰਿ. ਵਿ.) ਇੱਚਰ

ਇਚਰਾਂ ਨੂੰ—(ਕ੍ਰਿ. ਵਿ.) ਇੱਚਰ ਨੂੰ

ਈਂਵੇ ਆਰ—(ਕ੍ਰਿ. ਵਿ.) ਇਵੇਂ ਹਾਰ

ਇੰਞੇਹਾਰ—(ਕ੍ਰਿ. ਵਿ.) ਇਸੇ ਤਰ੍ਹਾਂ, ਇਵੇਂ ਹੀ

ਇੱਟੀ—(ਵਿ.) ੧. ਗੁੱਲੀ, ੨. ਗਿੱਟੀ

ਇੱਟੀ ਟੱਲਾ
ਇੱਟੀ ਡੰਡਾ }—(ਪੁ.) ਗੁੱਲੀ ਡੰਡਾ

ਇੜੂਕੇ—(ਕ੍ਰਿ. ਵਿ.) ਐਤਕੀ

ਇੱਤੈ—(ਕ੍ਰਿ. ਵਿ.) ਇਹਨੇ

ਇੱਤੇ ਵੇਲੇ—(ਕ੍ਰਿ. ਵਿ.) ਇਸੇ ਵੇਲੇ

ਇੰਤਜਾਰੀ—(ਵਿ.) ਮੁਖਤਿਆਰੀ (ਨਾ. ਕ੍ਰਿ. ਕਰਨੀ)

ਇਥਾਈਂ—(ਕ੍ਰਿ. ਵਿ.) ਇਸ ਥਾਂ ਹੀ

ਇੰਥੇ—(ਕ੍ਰਿ. ਵਿ.) ਇੱਥੇ

ਇੱਦੇ—(ਕ੍ਰਿ. ਵਿ.) ਇਧਰ, ਏਧਰ

ਇੱਦੇ ਕਿੱਦੇ—(ਕ੍ਰਿ. ਵਿ.) ਇਧਰ ਕਿਧਰ

ਇਨ੍ਹੀਂ ਘਰਾਈਂ ਈਹੋ ਜਿਹਾ ਪੀਹਣ ਹੋਨੈ—(ਅਖੌ.) ਜਦ ਕਿਸੇ ਥਾਂ ਚੰਗੇ ਕੰਮ ਹੋਣ ਦੀ ਆਸ ਨਾ ਹੋਵੇ ਤਾਂ ਕਹਿੰਦੇ ਹਨ

ਇਨਸਾਫ਼ੀ—(ਵਿ.) ਇਨਸਾਫ਼ ਕਰਨ ਵਾਲਾ, ਨਿਆਂਕਾਰੀ

ਈ—(ਪੜ.) ਇਹ

ਈਸੇ ਨਾ ਗਵਾਹ ਮੂਸਾ—(ਅਖੌ.) ਖ਼ਾਨੇ ਦਾ ਗਵਾਹ ਡੱਡੂ

ਈਹਾਂ—(ਕ੍ਰਿ. ਵਿ.) ਇਸ ਤਰ੍ਹਾਂ

ਈਰਣਾ ਪਰਮੀਰਣਾ—(ਪੁ.) ਬੱਚਿਆਂ ਦੀ ਇੱਕ ਖੇਡ (ਘੋੜਾ ਸਰੰਗ)

ਈਦ ਆਦਮ ਤੋਂ—(ਕ੍ਰਿ. ਵਿ.) ਆਦਿ ਤੋਂ

ਈਦਮ ਆਦਮ ਤੋਂ—(ਕ੍ਰਿ. ਵਿ.) ਆਦਿ ਤੋਂ, ਮੁੱਢ ਕਦੀਮ ਤੋਂ

ਈਦੀ ਨਾ ਚੰਨ—(ਪੁ.) ਈਦ ਦਾ ਚੰਦ

ਈਦੀ ਨਾ ਬਕਰਾ—(ਪੁ.) ਈਦ ਦਾ ਬਕਰਾ

ਈਦੀ (ਈਦੀਉਂ) ਪਿੱਛੋਂ ਤੰਬਾ ਫੂਕਣਾ—(ਅਖੌ.) ਈਦ ਪਿੱਛੋਂ ਤੰਬਾ ਫੂਕਣਾ

ਈਦੋਂ ਨਾ ਚੰਨ—(ਪੁ.) ਈਦੀ ਦਾ ਚੰਨ

ਈਦੋਂ ਨਾ ਚੰਨ ਹੋਈ ਗਛਣਾ—(ਮੁਹਾ.) ਈਦ ਦਾ ਚੰਨ ਹੋ ਜਾਣਾ

ਈਬ ਦਗ਼ੀਬਾ—(ਪੁ.) ਉਬੜ ਦੁਬੜ

ਏਲੇ—(ਪੁ.) ਪੰਜ-ਗੀਟਣੇ ਦੀ ਖੇਡ ਵਿੱਚ ਜਦੋਂ ਕੁੜੀਆਂ ਹੱਥ ਵਾਲੇ ਇਕ ਗੀਟੇ ਨੂੰ ਖੜੀ ਮੁੜੀ ਉਤਾਂਹ ਉਛਾਲ ਕੇ ਹੇਠਾਂ ਪਏ ਗੀਟਿਆਂ ਵਿੱਚੋਂ ਹਰ ਵਾਰੀ ਇਕ ਗੀਟਣਾ ਚੁਕਦੀਆਂ ਹਨ ਤਾਂ ਆਪਣੇ ਇਸ ਅਮਲ ਨੂੰ 'ਏਲੇ' ਕਹਿੰਦੀਆਂ ਹਨ, ਇਸੇ ਤਰ੍ਹਾਂ ਦੋ ਦੋ ਗੀਟਣੇ ਇਕੱਠੇ ਚੁੱਕਣ ਨੂੰ 'ਦੋਲੇ' ਅਤੇ ਤਿੰਨ ਤਿੰਨ ਨੂੰ 'ਤਰੇਲੇ' ਕਿਹਾ ਜਾਂਦਾ ਹੈ

ਏਲੀ ਏਲੀ ਕਰਨਾ—(ਮੁਹਾ.) ਅਲੀ ਅਲੀ ਕਰਨਾ; ਐਲੀ ਐਲੀ ਕਰਨਾ

ਸ

ਸਈਂ—(ਸਹਿ) (ਕ੍ਰਿ. ਵਿ.) ਸੈਂਈਂ

ਸ਼ਸ਼ਕ—(ਪੁ.) ਸ਼ਖਸ

ਸਸਤ ਭਾਈ—(ਵਿ.) ਸਸਤ

ਸਸਿਹਾਣ—(ਵਿ.) ਛਛਾਹਟ

ਸ਼ਸ਼ੂਰਲੀ—(ਵਿ.) ਸ਼ੂਰਲੀ

ਸੰਸੂ—(ਵਿ.) ਸੰਸ

ਸੱਸੂ ਕੋਲੋਂ (ਕੋਲ੍ਹੋਂ) ਚੋਰੀ ਮਾਂਹ ਸਾਂਈਂ ਮਰਚਾਂ—(ਅਖੌ.) ਜਦੋਂ ਕੋਈ ਆਪਣੀ ਘਟੀਆ ਚੀਜ਼ ਦੇ ਬਦਲੇ ਵਿਚ ਵਧੀਆ ਚੀਜ਼ ਮੰਗਦਾ ਹੋਇਆ ਵੀ ਇਹ ਜ਼ਾਹਿਰ ਕਰੇ ਕਿ ਉਹ ਘਸਾਟੇ ਵਾਲਾ ਸੌਦਾ ਕਰ ਰਿਹਾ ਹੈ, ਤਾਂ ਕਹਿੰਦੇ ਹਨ

ਸ਼ਹਾਣਾ—(ਪੁ.) ਸ਼ਾਹ (ਸੌਦਾ)

ਸ਼ਹਾਣੀ—(ਵਿ.) ਸ਼ਾਹ ਦੇ ਘਰ ਵਾਲੀ

ਸ਼ਹਾਨੀਆ—(ਪੁ.) ਇਕ ਪਰਕਾਰ ਦਾ ਮੋਟਾ ਥੋੜ੍ਹ ਕੇ ਰੰਗਿਆ ਹੋਇਆ ਕਪੜਾ ਜਿਸ ਦੇ ਨਾਲ ਵੱਖੋ ਵਖ ਰੰਗਾਂ ਦੀਆਂ ਧਾਰੀਆਂ ਬਣ ਜਾਂਦੀਆਂ ਹਨ

ਸਹਾਰਾ ਕਰਨਾ
ਸੁਾਰਾ ਕਰਨਾ } —(ਮੁਹਾ.) ਠਹਿਰਨਾ; ਸਬਰ ਕਰਨਾ

ਸਹਿਕ ਸਿਕਾਵਾਂ—(ਵਿ.) ਸਹਿਕਦਾ

ਸਹਿਨਾ ਸਹਿਨਾ—(ਵਿ.) ਸਹਿੰਦਾ ਸਹਿੰਦਾ

ਸਹੀ—(ਕ੍ਰਿ. ਵਿ.) ਸਿੰਞਾਣ

ਸਹੀ ਹੋਣਾ—(ਮੁਹਾ.) ਸੰਞਾਣ ਹੋਣਾ "ਹੋ ਬੇ-ਹੋਸ਼ ਢੱਠਾ ਖਾ ਗਿਰਦੀ, ਸਹੀ ਹੋਇਆ ਜਿਓਂ ਮੋਇਆ" (ਸੈਫ਼ੁਲ)

ਸਹੀ ਕਰਨਾ—(ਮੁਹਾ.) ਸਿੰਞਾਣ ਕਰਨਾ

ਸਹੀਂਦੜ—(ਵਿ.) ਸਹਿੰਦੜ

ਸ਼ਹੁ-ਸ਼ਰਚ—(ਵਿ.) ਸ਼ਾਹ ਸ਼ਰਚ

ਸ਼ਹੁ-ਸ਼ਰਚੀ—(ਵਿ.) ਸ਼ਾਹ-ਸ਼ਰਚੀ

ਸਹੁਰਿਹੱਤ—(ਵਿ.) ਸਹੁਰਿਆਂ ਦੇ ਰਿਸ਼ਤੇਦਾਰ ਜਾਂ ਰਿਸ਼ਤੇਦਾਰੀ

ਸਹੁਰੇਜ—(ਵਿ.) ਸੋਹਣੇਜ

ਸਹੁਰੇਜਾ ਗਿਰਾਂ—(ਪੁ.) ਸੋਹਰੇਜਾ ਗਿਰਾਂ

ਸਹੁਰੇਜੇ—(ਕ੍ਰਿ. ਵਿ.) ਸੋਹਰੇਜੇ

ਸਹੇਲਗਤਾ
ਸਹੇਲਗਤਾ } —(ਪੁ.) ਸਹੇਲਪੁਣਾ

ਸਹੇਲੀ—(ਵਿ.) ਸਹੇਲੀ

ਸਕਰੌੜ—(ਪੁ.) ਸੰਗ ਰੋੜ

ਸ਼ਕਲਵੰਦ—(ਵਿ.) ਸ਼ਕਲਮੰਦ

ਸ਼ਕਲਵੰਦੀ—(ਵਿ.) ਸ਼ਕਲਮੰਦੀ

ਸਕੜਾ—(ਪੁ.) ਸੱਕ

ਸਕੜੀਆਂ—(ਵਿ. ਬ. ਵ.) ਕਰੜੀਆਂ

ਸੱਕਾ ਸੋਧਰਾ—(ਪੁ.) ਸਕਾ ਸਾਕ

ਸ਼ਕਾਹਰਾ—(ਕ੍ਰਿ. ਵਿ.) ਸਵਾਹਰਾ

ਸਕਾਰ—(ਵਿ.) ਤ੍ਰਕੋਲੀ

ਸਕੀਅ—(ਵਿ.) ਸੌਂਕਣ ਦੀ ਧੀ

ਸਕੀਆ—(ਪੁ.) ਸੌਂਕਣ ਦਾ ਪੁੱਤਰ

ਸਕੀਮੀ—(ਵਿ.) ਸਿੱਕ

ਸਕੀਮੀ ਨਾ—(ਵਿ.) ਸਹਿਕਦੋਂ

ਸਕੇਤਰ—(ਪੁ.) ਸੁਕੇਤਰ

ਸਖ਼ਤੀ ਕੀ ਪਗੜਿਆ ਗੱਛਣਾ—(ਮੁਹਾ.) ਸਖ਼ਤੀ ਨੂੰ ਫੜਿਆ ਜਾਣਾ

ਸੱਖਰ
ਸਖਰਾ } (ਵਿ.) ਸਰਸ, ਖਰਾ

ਸੰਗ ਰਲ ਤਰੀਏ ਤੇ ਕੁਸੰਗ ਰਲ ਗਲੀਏ—(ਅਖੌ.) ਜਦੋਂ ਚੰਗੀ ਸੰਗਤ ਦੇ ਚੰਗੇ ਅਸਰ ਤੇ ਮਾੜੀ ਸੰਗਤ ਦੇ ਮਾੜੇ ਅਸਰ ਨੂੰ ਦਰਸਾਉਣਾ ਹੋਵੇ ਤਾਂ ਕਹਿੰਦੇ ਹਨ

ਸੰਗਤੁਰੀ—(ਵਿ.) ਸੰਗਤਰੇ ਦੀ ਸਹਿਆਈ

ਸੰਗ-ਤਰੋੜ—(ਪੁ.) ਆੜੀ ਟੁਕ, "ਐਧਰ ਮੁੰਗੀ ਐਧਰ ਮੇਨ ਤੇਰਾ ਮਨ ਸੰਗ-ਤਰੋੜ" (ਨਾ. ਕ੍ਰਿ. ਕਰਨਾ, ਹੋਣਾ)

ਸੰਗਤੀ—(ਪੁ.) ਸੰਗੀ

ਸੰਗਮਾਂ (ਲਹਿੰ)—(ਵਿ.) ਸਗਵੇਂ

ਸੰਗਰੌੜ—(ਪੁ.) ਸਕਰੌੜ

ਸਗਲਾ—(ਪੁ.) ਪੈਰਾਂ ਦਾ ਇਕ ਗਹਿਣਾ

ਸਗਲਾ—(ਪੁ.) ਤਾਂਬੀਆ, ਪਤੀਲਾ

ਸਗਵਾਂ—(ਵਿ.) ਸਗਮਾਂ

ਸੰਗਾ—(ਵਿ.) ਸੰਗ (ਨਾ. ਕ੍ਰਿ. ਬਹਿਣਾ, ਲਾਹੁਣਾ)

ਸੰਗਾ—(ਵਿ.) ਸਾਂਝਾ, (ਪੁ.) ਹਿੱਸਾ (ਖੇਤ ਵਿਚ)

ਸੰਗਾ ਪੂਰਾ ਹੋਣਾ
ਸੰਗੇ ਰਹਿਣਾ } (ਮੁਹਾ.) ਸਾਂਝੇ ਰਹਿਣਾ

ਸੰਘ
ਸੰਘਾ } (ਪੁ.) ਸੰਘ, ਸੰਘਾ

ਸੰਘਾ (ਪੁ.)
ਸੰਘੀ (ਵਿ.)
ਸੰਘਾ (ਪੁ.) } ਸੰਘ

ਸੰਘਾ ਘੇਪਣਾ
ਸੰਘਾ ਘੋਪਣਾ
ਸੰਘੀ ਘੋਪਣਾ
ਸੰਘੀ ਘੇਪਣਾ } (ਮੁਹਾ.) ਸੰਘ ਘੁੱਟਣਾ

ਸੰਘਾ ਧਾੜਨਾ—(ਮੁਹਾ.) ਸੰਘ ਪਾੜਨਾ

ਸੱਚ-ਮੁਚਲਾ—(ਵਿ.) ਸੱਚਾ ਮੁੱਚਾ

ਸਚਲਾ—(ਵਿ.) ਸੱਚਾ

ਸਚਾਵਾਂ—(ਵਿ.) ਸੱਚਾ

ਸਚਿਆਰ ਭਾਂਡਾ—(ਪੁ.) ਸੁੱਚਾ ਭਾਂਡਾ

ਸਜਲੋਣ
ਸਜਲੋਣੀ } (ਵਿ.) ਸਜਣਾਈ

ਸਜਰਾਹ—(ਵਿ.) ਸੱਜਰੀ ਗਾਹੀ ਹੋਈ

ਸਜਰਾਹ ਚੌਕੀ—(ਵਿ.) ਸੱਜਰੀ ਗਾਹੀ ਚੌਕੀ

ਸੱਜਰੇ ਨਾ ਬਥੇ, ਹਮੇਸ਼ ਹਿੱਕਾ ਜਹੇ—(ਅਖੌ.) ਸਜਰੇ ਨਾ ਖੇਹੇ ਹਮੇਸ਼ ਇੱਕੋ ਜੇਹੇ

ਸਜਾਇਆ—(ਵਿ.) ਸਜ-ਜਾਇਆ

ਸੱਜੀ—(ਵਿ.) ਸੁਆਹ, 'ਲੱਗੀ ਅੱਗ ਇਸ਼ਕ ਦੀ ਹੋਇਆ ਸਭ ਸੱਜੀ ਹੀ ਢੇਰੀ' (ਸੈਫ਼ੁਲ)

ਸਿਰੇ ਪੁਰ ਸੱਜੀ ਪਾਣਾ—(ਮੁਹਾ.) ਸਿਰ ਸਵਾਹ ਪਾਉਣਾ, 'ਧੱਕੇ ਮਾਰ ਫਿਲੇ ਸਭ ਚਿਹਰਾ ਪਾਏ ਸਿਰੇ ਪੁਰ ਸੱਜੀ' (ਸੈਫ਼ੁਲ)

ਸੰਜੂਹਰਪੁਣਾ—(ਪੁ.) ਸੰਜਮ

ਸੰਜੂਹਰਾ—(ਵਿ.) ਸੰਜਮੀ

ਸੱਜੇ-ਸਾਹਿਆ— { (ਵਿ.) ਹਫਿਆ ਹੋਇਆ
(ਕ੍ਰਿ. ਵਿ.) ਸਾਹੋਂ ਸਾਹ,
'ਪਰੀਆਂ ਦੂਰ ਨਿਗਾਹਾਂ ਧਰੀਆਂ, ਲੋੜਨ ਸੈਂ ਜੇ-ਸਾਹੀਆਂ' (ਸੈਫ਼ੁਲ)

ਸੰਝਵਾਲ—(ਪੁ.) ਸਾਂਝੀਵਾਲ, ਤ੍ਰੈਜਾਲ

ਸੰਝਵਾਲੀ—(ਵਿ.) ਤ੍ਰੈਜਾਲੀ

ਸੱਟ ਕਰੀ ਜਾਣੀ—(ਮੁਹਾ.) ਸੱਟ ਕਰ ਜਾਣਾ

ਸੱਟਣਾ—(ਕ੍ਰਿ. ਸਕ.) ਸੁੱਟਣਾ
'ਚਰ ਜਿਸ ਦੇ ਸਿਰ ਸਜਦੇ ਸੱਟੇ, ਸੋਹ ਗੁਲਾਮ ਇਨਸਾਨ' (ਸੈਫ਼ੁਲ)

ਸੱਟ ਪਸੱਟਾ—(ਪੁ.) ਛੱਡ ਛੁਡਾ

ਸੱਟੀ ਜਾਣਾ—(ਮੁਹਾ.) ਛੱਡ ਜਾਣਾ

ਸੱਠੀਂ ਲੈ ਪੰਜਾਹੀ ਗਾਲ,
ਤੁਹਾਂ ਕਹਿ ਲੱਗੈ ਨਢੇ ਨਾਲ } (ਅਖੌ.) ਸੱਠੀਂ ਲੈ ਪੰਜਾਹੀਂ ਗਾਲ, ਤੈਨੂੰ ਕੀ ਲਗੇ ਨਢੇ ਨਾਲ

ਸਣਾਵਤ
ਸਣੌਤ } (ਵਿ.) ਸੁਣਾਉਤ

ਸਣਾਵਤਾਂ (ਸੁਣੌਤਾਂ) ਸੱਟਣੀਆਂ—(ਮੁਹਾ.) ਸੁਣਾਉਤਾਂ ਸੁੱਟਣੀਆਂ

ਸਟੀਕਣਾ—(ਕ੍ਰਿ. ਸਕ.) ਸੁਟਕਣਾ

ਸਣੂਕਣਾ—(ਪੁ.) ਸਨਕੁਕਣਾ

ਸਣੂਕਣਾ—(ਕ੍ਰਿ. ਸਕ.) ਸੁਣਕਣਾ

ਸਤ-ਸਈ—(ਵਿ.) ਸੱਤ-ਸੌ ਦਾ

ਸਤ-ਸਈ ਨਖਰਾ—(ਪੁ.) ਬਹੁਤਾ ਨਖਰਾ

ਸੱਤ ਸਵਾਇਆ—(ਵਿ.) ਮੁਕਾਬਲੇ ਵਿੱਚ ਬਹੁਤ ਚੰਗਾ, ਤਾਕਤ ਕਰ ਕੇ ਦਖਿਆਂ ਬਹੁਤ ਵਧੀਆ

ਸੱਤ ਤੇ ਵੀਹ ਖ਼ੈਰੀਂ
ਸੱਤਾਂ ਤੇ ਵੀਹ ਖ਼ੈਰੀਂ
ਸੱਤਾਂ ਤੇ ਵੀਹ ਰੱਖਾਂ
} (ਵਿ. ਬ. ਵ.) ਸੱਤੇ ਖ਼ੈਰਾਂ (ਨਾ. ਕ੍ਰਿ. ਹੋਣਾ)

ਸਤ ਪਾਇਆ ਟੇਪਾ—(ਪੁ.) ਸਤ ਪਾਵਾ ਟੇਪਾ

ਸਤੱਤਰੀ
ਸਤੱਤ੍ਰੀ
} (ਵਿ.) ਸੈਂਤੀ

ਸਤੱਤਰੀਆ
ਸਤੱਤ੍ਰੀਆ
} (ਵਿ.) ਸੈਂਤੀਆ

ਸਤੇਨਾ—(ਪੁ.) ਸਤਨਾਜਾ

ਸਤਬਰਗਾ
ਸਤਵਰਗਾ
} (ਪੁ.) ਸਦਬਰਗਾ

ਸਤਰ-ਜਾਈ—(ਵਿ.) ਸਤਰ ਵਾਲੀ

ਸਤਰੈ 'ਚ ਬਹਿਣਾ—(ਮੁਹਾ.) ਸਤਰ ਬਹਿਣਾ

ਸੈਂਤਾ—(ਪੁ.) ਸਾਤਾ (ਹਿੰਦਸਾ)

ਸਤਾਂਗਾ—(ਪੁ.) ਸੱਤਾ

ਸ਼ਤਾਨੈ ਨੀ ਟੂਟੀ—(ਪੁ.) ਸ਼ੈਤਾਨ ਦੀ ਟੂਟੀ

ਸੱਤੀ—(ਵਿ.) ਉਹ ਰਕਮ ਜੋ ਜੂਆ ਖਿਡਾਉਣ ਵਾਲਾ ਖੇਡ ਵਿੱਚੋਂ ਹਰ ਸਤਵੇਂ ਫੇਰੇ ਲੈਂਦਾ ਹੈ

ਸਤੇਪੜ—(ਪੁ.) ਖੜੇਪੜ

ਸ਼ਤੂਤੀ—(ਵਿ.) ਸ਼ਤੂਤ

ਸੱਤੇਂ ਸਵੇਲੇਂ—(ਕ੍ਰਿ. ਵਿ.) ਸੱਤੀਂ ਸਵੇਰੀਂ

ਸਤੈਹਰ—(ਵਿ.) ਸੱਤਵੀਂ ਵਾਰ

ਸਤੈਹਰਾ—(ਵਿ.) ਸੱਤ ਗੁਣਾ, ਸੱਤਾਂ ਤਹਿਆਂ ਜਾਂ ਲੜਾਂ ਵਾਲਾ

ਸਤੌਖ—(ਕ੍ਰਿ. ਵਿ.) ਸੱਤਵੇਂ ਦਿਨ ਨੂੰ

ਸਦ ਰਹਿਮਤ
ਸ਼ਦ ਰਹਿਮਤ
} (ਵਿ.) ਲੱਖ ਲਾਹਨਤ (ਇਕ ਗਾਹਲ)

ਸਦਕੇ ਮਾਸੀ ਘੁਮਾਈ ਮਾਸੀ
ਭਣੇਆ ਰੋਟੀ ਘਰ ਜਾ ਖਾਸੀ
ਸਦਕੇ ਮਾਸੀ ਘੋਲੀ ਮਾਸੀ
ਰੋਟੀ ਭਣੇਆ ਘਰ ਵੰਜ ਖੇਸੀ
} (ਅਖੌ.) ਜਦੋਂ ਕੋਈ ਮਨੁੱਖ ਬਾਹਰ ਪਿਆਰ ਤਾਂ ਬਹੁਤ ਕਰੇ ਪਰ ਹੱਥੋਂ ਦਵਾਲ ਕੁਝ ਨਾ ਹੋਵੇ ਤਾਂ ਕਹਿੰਦੇ ਹਨ।

ਸੰਦਾ—(ਪੁ.) ਧਨ, ਦੌਲਤ, 'ਨਾਲੇ ਢੰਡਾ (ਸੰਦਾ) ਗਿਆ ਨਾਲੇ ਸੰਦਾ (ਖੰਦਾ) ਗਿਆ'

ਸੱਦੀ ਨਾ ਬੁਲਾਈ, ਮੈਂ ਮੂੜ੍ਹੇ
(ਨੱਵੇ,ਨੈਵੇ,ਲਹੂੜੇ) ਨੀ ਤਾਈ
} (ਅਖੌ.) ਸੱਦੀ ਨਾ ਬੁਲਾਈ ਮੈਂ ਮੂੜ੍ਹੇ(ਲਾੜੇ) ਦੀ ਤਾਈ

ਸ਼ਦੂੰਕ—(ਅਵ.) ਸ਼ੜੁਕ, ਛੜੁਕ

ਸ਼ਦੂੰਕ ਕਰ ਕੇ—(ਕ੍ਰਿ. ਵਿ.) ਸ਼ੜੁੱਕ (ਛੜੁੱਕ) ਕਰ ਕੇ

ਸੰਧ—(ਵਿ.) ਦਰਿਆ ਦਾ ਉਹ ਹਿੱਸਾ ਜੋ ਕਿਸੇ ਇੱਕ ਥਾਂ ਤੇ ਬਹੁਤ ਡੂੰਘਾ ਹੋਵੇ ਤੇ ਉਸ ਵਿੱਚ ਬਹੁਤ ਸਾਰਾ ਪਾਣੀ ਜਮ੍ਹਾ ਰਹੇ

ਸਧਰਾਈ ਜਾਣਾ
ਸਧਰੀ ਜਾਣਾ
} (ਮੁਹਾ.) ਸਧਰਾ ਜਾਣਾ

ਸਧਰਾਣਾ—(ਕ੍ਰਿ. ਅਕ.) ਸੱਧਰ ਕਰਨਾ, ਸਧਰਾ ਜਾਣਾ

ਸੰਧਲਾ—(ਪੁ.) ਸੰਦਲਾ

ਸਧੂਤਾ—(ਵਿ.) ਸਿਆਣਾ (ਵਿਅੰਗ ਨਾਲ)

ਸ਼ਨਾਬ—(ਵਿ.) ਸਰਨਾਹ

ਸਨ੍ਹਾਰ—(ਵਿ.) ਗੰਭੀਰ

ਸਨਿਆਰਾ—(ਪੁ.) ਸੁਨਿਆਰਾ

ਸਨਿਆਰੇ ਨੀ ਠੱਕ ਠੱਕ
ਲੁਹਾਰੇ ਨੀ ਇੱਕਾ ਸੱਟ
} (ਅਖੌ.) ਸੁਨਿਆਰ ਦੀ ਠਕ ਠਕ ਤੇ ਲੁਹਾਰਦੀ ਇੱਕੋ ਸੱਟ

ਸੁੰਨ੍ਹੂ—(ਪੁ.) ਸੰਨ੍ਹੀ

ਸੱਪ ਲੰਘਾ ਤੈ ਗੀਹ ਚੇੜ੍ਹੀ—(ਅਖੌ.) ਸੱਪ ਲੰਘਾ ਤੇ ਲੀਹ ਚੇੜ੍ਹੀ

ਸੱਪਲੀਟਾ—(ਪੁ.) ਸਪੇਲਾ, ਸਪੇਲੀਆ

ਸਪਲੌਟੀਆ—(ਪੁ.) ਜ਼ਿੰਗਰੀ ਦੀ ਇੱਕ ਕਿਸਮ

ਸੱਪਾਂ ਕੀ ਦੁੱਧ ਪਿਆਲਣਾ—(ਮੁਹਾ.) ਸੱਪਾਂ ਨੂੰ ਦੁੱਧ ਪਿਆਉਣਾ

ਸੱਪਾਂ ਨੇ ਸਾਹਮਣੇ ਦੀਵੇ ਨਹੀਂ ਬਲਨੇ—(ਅਖੌ.) ਸੱਪਾਂ ਸਾਹਮਣੇ ਦੀਵੇ ਨਹੀਂ ਬਲਦੇ

ਸੱਪਾਂ ਨੇ ਪੁੱਤਰ, ਕਦੇ ਨਾ ਬਣਨੇ ਮਿੱਤਰ—(ਅਖੌ.) ਭਾਵ ਵੈਰੀ ਦੀ ਔਲਾਦ ਵੀ ਵੈਰੀ ਹੁੰਦੀ ਹੈ

ਸੱਪੇ ਨੇ ਸਿਰੇ ਤੋਂ ਪੈਸਾ ਲਾਹਣਾ—(ਮੁਹਾ.) ਸੱਪ ਦੇ ਸਿਰੋਂ ਕੌਡੀ ਲੱਭਣਾ

ਸੱਪੇ ਲੰਘੇ ਨੀ ਲੀਕੇ ਆਂ ਕੁੱਟਣਾ—(ਮੁਹਾ.) ਸੱਪ ਦੀ ਲੀਕ ਨੂੰ ਪਿੱਟਣਾ

ਸੱਪੇ ਨੇ ਮੂੰਹੇ ਚੋਂ ਕੌਡੀ ਕੱਢਣੀ—(ਮੁਹਾ.) ਸੱਪ ਦੇ ਸਿਰੋਂ ਕੌਡੀ ਕੱਢਣਾ

ਸ਼ੰਬਲਾ—(ਪੁ.) ਸ਼ਮਲਾ

ਸਬਲੀ—(ਵਿ.) ਛੋਟਾ ਸੱਬਲ

ਸੰਬਾਹਲਾ
ਸਬਾਹਲਾ
} (ਪੁ.) ਸਨਬਾਲਾ

ਸਬਾਬੇ ਨਾ ਕਲਮਾ ਪੜ੍ਹਨਾ—(ਮੁਹਾ.) ਸਵਾਬ ਦਾ ਕਲਮਾ ਪੜ੍ਹਨਾ

ਸਭ ਨੇ ਬੇਟੇ ਝੰਗੀ—(ਅਖੌ.) ਸਾਰੇ ਇਕੋ ਜੇਹੇ ਹਨ

ਸਭਸ
ਸਭਸੈ } (ਵਿ.) ਸਭ 'ਸੂਰਤ ਜੁਦਾ ਜੁਦਾ ਸਭਸ ਦੀ .' (ਸੈਫੁਲ)

ਸੰਭਣਾ—(ਕ੍ਰਿ. ਅਕ.) ੧. ਮੁੱਕਣਾ
੨. (ਲਹਿੰ) ਤਿਆਰ ਹੋਣਾ

ਸਭਨਾਂ ਕੋਲੋਂ ਜਿੱਤਾ, ਵਿੱਤੇ ਅੱਗੇ ਦਿੱਤਾ—(ਅਖੌ.) ਜਦ ਵੱਡੇ ਤੋਂ ਵੱਡੇ ਮਾਮਿਆਂ ਨੂੰ ਆਪਣੀ ਬੁੱਲ੍ਹਾਦ ਦਾ ਹੱਠ ਮੰਨਣਾ ਪਵੇ ਤਾਂ ਕਹਿੰਦੇ ਹਨ

ਸਭਦਰੋ—(ਕ੍ਰਿ. ਵਿ.) ਸਭ ਪਾਸੇ

ਸੰਭਾਲਣਾ—(ਕ੍ਰਿ. ਸਕ.) ੧. ਮੁਕਾਉਣਾ (ਲਹਿੰ) ੨. ਤਿਆਰ ਕਰਨਾ

ਸੰਭਾਲ—(ਵਿ.) ਪਰੀਠਾ

ਸੰਭਾਲ ਕਰਨੀ—(ਮੁਹਾ.) ਪਰੀਠਾ ਭੇਜਣਾ

ਸੰਭਾਲ ਪੌਣੀ—(ਮੁਹਾ.) ਸਗਨ ਪਾਉਣਾ

ਸਮਝ ਰਲਣੀ
ਸਮਝ ਰਲ ਜਾਣੀ
ਸਮਝ ਰਲੀ ਜਾਣੀ } (ਮੁਹਾ.) ਸਮਝ ਆ ਜਾਣੀ

ਸਮਝ ਰਲਾਣੀ ਦੇਣਾ—(ਮੁਹਾ.) ਹੋਸ਼ ਟਿਕਾਣੇ ਲਿਆ ਦੇਣਾ

ਸਮਰਥੇ—(ਵਿ.) ਸਮੱਰਥਾ ਵਾਲੀ (ਵਿਸ਼ੇਸ਼ ਨਾਮ)

ਸੰਮਾ-ਸੀਲਾ—(ਵਿ.) ਸਾਲਮ ਦਾ ਸਾਲਮ

ਸਮਾਹਲਾ—(ਪੁ.) ਸੰਥਾਹਲਾ

ਸਮਾ ਬਰੋਬਰ ਹੋਣਾ—(ਮੁਹਾ.) ਸਮਾ ਪੂਰਾ ਹੋਣਾ

ਸਮਾਂਕ—(ਵਿ.) ਸਵਾਂਕ

ਸਮਾਦਾਂ ਲਾਣੀਆਂ—(ਮੁਹਾ.) ਆਸ਼ਾ ਲਾਉਣਾ

ਸਮਾਨ ਸਿਰੋ ਪਰ ਚਾਣਾ—(ਮੁਹਾ.) ਅਸਮਾਨ ਸਿਰ ਤੇ ਚੁੱਕਣਾ

ਸਮਾਰ—(ਪੁ.) ਸੋਮਵਾਰ

ਸਮਾਰੀਂ
ਸਮਾਹੇਂ
ਸਮਾਰੈਂ } (ਕ੍ਰਿ. ਵਿ.) ਸੋਮਵਾਰ ਨੂੰ

ਸਮਿੱਜਣਾ—(ਕ੍ਰਿ. ਅਕ.) ਸਮਾਉਣਾ, ਸਮਿਣਾ

ਸਮੁੰਦਰ ਟਾਪੂ—(ਪੁ.) ਛਾਹ ਸ਼ਟਾਪੂ

ਸਮੂਹਾਂ—(ਵਿ.) ਸੋਹਣੇ ਮੂੰਹ ਵਾਲਾ

ਸਮੂਲਥਾ
ਸਮੂਲਾ } (ਵਿ.) ਸਮੁੱਚਾ

ਸਮੋਹਤਾ—(ਵਿ.) ਸੰਮਤੀ (ਸਾ. ਕ੍ਰਿ. ਕਰਨੀ, ਹੋਣੀ, ਹੋ ਜਾਣੀ)

ਸਮੋਸਾ—(ਪੁ.) ਸਮੋਸੇ ਦੀ ਸ਼ਕਲ ਦਾ ਇੱਕ ਗਹਿਣਾ

ਸਰਸੌਰ—(ਕ੍ਰਿ. ਵਿ.) ਸਰਪੱਟ

ਸਰਸੌਰ ਭੱਜਣਾ—(ਮੁਹਾ.) ਸਰਪੱਟ ਭਜਾਉਣਾ

ਸਰਸਾਣਾ—(ਕ੍ਰਿ. ਅਕ.) ਚੰਗਾ ਲੱਗਣਾ, ਮਨ ਨੂੰ ਭਾਉਣਾ, ਮੁਆਫ਼ਕ ਆਉਣਾ

ਸਰਕ (ਵਿ.) ਜਾਲ ਲਾ ਕੇ ਬਟੇਰੇ ਆਦਿ ਫੜਨ ਵਾਲੇ ਸ਼ਿਕਾਰੀਆਂ ਦੀ ਲੰਮੀ ਰੱਸੀ ਜਿਸ ਦੇ ਨਾਲ ਫ਼ਸਲਾਂ ਵਿੱਚ ਆਵਾਜ਼ ਪੈਦਾ ਕਰ ਕੇ ਉਹ ਬਟੇਰਿਆਂ ਨੂੰ ਜਾਲ ਵਾਲੇ ਪਾਸੇ ਘੇਰ ਕੇ ਲੈ ਜਾਂਦੇ ਹਨ

ਸਰਗਸਤ —(ਪੁ.) ਸਿਰ ਦਾ ਛਤਰ 'ਸਿਰ ਦਾ ਜੋ ਸਿਰਗਸਤ ਸਿਰੇ ਤੇ, ਸੀ ਉਹ ਛਤਰ ਲੱਲਾਕੀ' (ਸੈਫੁਲ)

ਸਰਘ—(ਵਿ.) ਸਰਘੀ

ਸਰਘੀ ਖਾਣੀ—(ਮੁਹਾ.) ਜੰਞ ਆਉਣ ਤੋਂ ਪਹਿਲੀ ਰਾਤ ਲਾੜੀ ਦਾ ਆਪਣੀਆਂ ਸਹੇਲੀਆਂ ਨਾਲ ਖਿਚੜੀ ਖਾਣੀ

ਸਰਘੀ ਦੀ ਰਾਤ—(ਵਿ.) ਲਾੜੀ ਦੀ ਜੰਞ ਆਉਣ ਤੋਂ ਪਹਿਲਾਂ ਖਿੱਚੜੀ ਖਾਣ ਵਾਲੀ ਰਾਤ

ਸਰਚਣਾ—(ਕ੍ਰਿ. ਅਕ.) ਪਰਚਣਾ

ਸਰਚਾਣਾ—(ਕ੍ਰਿ. ਸਕ.) ਪਰਚਾਉਣਾ

ਸਰਚਾਵਾ—(ਪੁ.) ਪਰਚਾਵਾ

ਸਰਚਾਵਾਂ—(ਵਿ.) ਪਰਚਾਵਾਂ

ਸਰੰਜੇ ਚੜ੍ਹਨੇ—(ਮੁਹਾ.) ਗੁੱਸਾ ਚੜ੍ਹ ਜਾਣਾ, 'ਮਿਹਰ ਅਫ਼ਰੋਜ਼ ਕਿਹਾ ਸੁਣ ਬਾਹਾ, ਕਿਉਂ ਤੁਧ ਚੜ੍ਹਨ ਸਰੰਜੇ' (ਸੈਫੁਲ)

ਸਰਦਿਆਈਂ—(ਵਿ.) ਸਰਦਾਈ

ਸਰਨਾ ਪੁਜਨਾ—(ਵਿ.) ਸਰਦਾ ਪੁਜਦਾ

ਸ਼ਰਨ੍ਹਾਂ—(ਵਿ.) ਸਰਨਾਈ, ਸ਼ਹਿਨਾਈ 'ਸਰ ਸਰ ਕਰ ਸ਼ਰਨ੍ਹਾਈਂ ਸੂਕਨ, ਜਾਣ ਅਸਮਾਨਾਂ ਤਾਈਂ' (ਸੈਫੁਲ)

ਸ਼ਰਨ੍ਹਾਂਚੀ—(ਪੁ.) ਸਰਨਾਚੀ

ਸਰਫ਼ਾ ਹੋਣਾ—(ਪੁ.) ਦਰਦ ਹੋਣਾ, ਹਮਦਰਦੀ ਹੋਣੀ, 'ਹੋਰ ਕਿਸੇ ਨੂੰ ਕੀ ਹੈ ਸਰਫ਼ਾ, ਦੁਖੀਏ ਜੀਉ ਮੇਰੇ ਦਾ' (ਸੈਫੁਲ)

ਸਰਫ਼ ਕਰਨਾ—(ਮੁਹਾ.) ਦੁਖ ਵੰਡਾਉਣਾ
'ਕਿਸ ਅੱਗੇ ਅਹਿਵਾਲ ਕਹਾਂਗਾ, ਕੌਣ ਕਰੇ ਗ਼ਮਖ਼ਾਰੀ? ਕੌਣ ਕਰੇਗਾ ਸਰਫ਼ੇ ਮੇਰੇ ਛਡਕੇ ਜਿਦਾਂਤ ਸਾਰੀ?' (ਸੈਫੁਲ)

ਸਰਫ਼ੇ ਨਾ ਟੱਬਰ—(ਪੁ.) ਸਰਫ਼ੇ ਦਾ ਟੱਬਰ

ਸਰਬੰਧ—(ਪੁ.) ਸਬੰਧ

ਸਰਬੰਧ ਕਰਨਾ—(ਮੁਹਾ.) ਸਬੰਧ ਕਰਨਾ, 'ਕਰ ਐਸਾ ਸਰਬੰਧ ਅਸਾਡਾ, ਰਹੀਏ ਸਦਾ ਇਕੱਠੇ' (ਸੈਫੁਲ)

—ਰਲੇ ਸਰਬੰਧ—(ਕ੍ਰਿ. ਵਿ.) ਸਬੰਧ ਨਾਲ

ਸਰਬੰਧੀ—(ਪੁ.) ਸਨਬੰਧੀ

—ਸਿਰੇ ਨਾ ਸਰਬੰਧੀ—(ਪੁ.) ਸਿਰ ਦਾ ਸਾਈਂ

ਸ਼ਰਮ-ਹਜ਼ੂਰ—(ਵਿ.) ਸ਼ਰਮਾਕਲ, 'ਸ਼ਰਮ ਹਜ਼ੂਰ ਕੋਈ ਸੀ, ਕਰਦੀ ਹਸਰਤ ਅੱਖ ਮਟੱਕੇ' (ਸੈਫੁਲ)

ਸ਼ਰਮ-ਹਜ਼ੂਰੀ—(ਵਿ.) ਸ਼ਰਮ

ਸ਼ਰਮ ਦੇਵਾਣੀ—(ਮੁਹਾ.) ਸ਼ਰਮਿੰਦਗੀ ਦਵਾਉਣੀ

ਸ਼ਰਮ ਲਾਹੀ ਛੋੜਣੀ—(ਮੁਹਾ.) ਸ਼ਰਮ ਲਾਹ ਛੱਡਣੀ

ਸ਼ਰਮ ਹਯਾ ਛਿੱਕੇ ਤੇ ਟੰਗੀ ਛੋੜਨੀ—(ਮੁਹਾ.) ਸ਼ਰਮ ਹਯਾ ਛਿੱਕੇ ਤੇ ਟੰਗ ਛੱਡਣਾ

ਸ਼ਰਮੇ ਮਾਰੀ ਅੰਦਰ ਵੜੀ
ਮੂਰਖ ਆਖੇ ਮੈਥੋਂ ਡਰੀ —(ਅਖੌ.) 'ਸ਼ਰਮ ਦੀ ਮਾਰੀ ਅੰਦਰ ਵੜਦੀ, ਮੂਰਖ ਆਖੇ ਮੈਥੋਂ ਡਰਦੀ'

ਸਰਾਂ ਨਾ ਪੰਖਣੂ—(ਵਿ. ਪੁ.) ਸਰਾਂ ਦਾ ਪੰਖੇਰੂ

ਸਰਾਂਦ—(ਵਿ.) ਸਰ੍ਹਾਂਦ, ਸਰਾਂਪ

ਸਰਾਂਦ ਲੱਗਣੀ—(ਮੁਹਾ.) ਅੰਤ ਚੰਗਾ ਹੋਣਾ

ਸਰਾਂਦੀ—(ਕ੍ਰਿ. ਵਿ.) ਸਰ੍ਹਾਣੇ

ਸਰ੍ਹਾਂਦੂ—(ਪੁ.) ਸਰ੍ਹਾਣਾ

ਸਰਾਲਾ—(ਪੁ.) ਸਰਿਆਲ

ਸਰਾਟਾ—(ਪੁ.) ਘੋੜੇ ਦੀ ਬਹੁਤ ਤੇਜ਼ ਚਾਲ, ਤਿੱਖੀ ਦੌੜ (ਲਾ. ਕ੍ਰਿ. ਲਾਣਾ)

ਸਰਾਟਾ ਕੱਢਣਾ
ਸਰਾਟਾ ਲਾਣਾ
ਸਰਾਟਾ ਮਾਰਨਾ —(ਮੁਹਾ.) ਸਰਪਟ ਦੌੜਨਾ

ਸਰਾਟੇ ਸੱਟਣਾ—(ਮੁਹਾ.) ਸਰਪਟ ਸੁੱਟਣਾ (ਘੋੜੇ ਨੂੰ)

ਸਰਾਟੇ ਛਾਣਾ—(ਮੁਹਾ.) ਸਰਪਟ ਭਜਾਉਣਾ, ਸਰਪਟ ਭਜਣਾ

ਸਰ੍ਹਿਉਂ—(ਵਿ.) ੧. ਸਰ੍ਹੋਂ, ੨. ਸ਼ਮਸ਼ਾਨ ਵਿੱਚ ਮੁਰਦੇ ਦੇ ਫੁੱਲ ਚੁਣ ਲੈਣ ਦੇ ਪਿੱਛੋਂ ਜਿਹੜੀ ਰਾਖ ਬਚ ਰਹਿੰਦੀ ਹੈ

ਸਰਿਉਂ ਛੱਟੀ (ਮਾਰੀ) ਭੁੰਞੇਂ ਨਾ ਪੈਂਦੀ—(ਮੁਹਾ.) ਤਿਲ ਰੱਖਣ ਦੀ ਥਾਂ ਨਾ ਹੋਣਾ 'ਸਰ੍ਹਿਉਂ ਮਾਰੀ ਪਵੇ ਨਾ ਭੁੰਞੇਂ, ਸਭ ਸਿਰਾਂ ਪਰ ਰੁਲ੍ਹੇ' (ਸੈਫੁਲ)

ਸਰਿਆਲ—(ਪੁ.) ਘਾਹ ਦੀ ਕਿਸਮ ਦਾ ਇੱਕ ਕੰਡਾ, ਸਰਾਲਾ

ਸ਼ਰੀਕ—(ਪੁ.) ਕੁੜਮ

ਸ਼ਰੀਕਣੀ—(ਵਿ.) ਕੁੜਮਣੀ

ਸਰੂਟ—(ਪੁ.) ਸਰਕੜਾ

—ਖੋਹਰਾ ਸਰੂਟ—(ਵਿ.) ਖੋਹਰਾ (ਸਰਕੜੇ ਵਰਗਾ)

ਸਰੇ-ਸਰ—(ਕ੍ਰਿ. ਵਿ.) ਇਕ ਸਿਰੇ ਤੋਂ ਦੂਜੇ ਸਿਰੇ ਤਕ

ਸਟੇਡੀ—(ਵਿ.) ਸਿਰੀ

ਸਲਵਾਹਰ
ਸਲਵਾਹੜ —(ਵਿ.) ਕਨਖਜੂਰਾ

ਸਲਾਂਘਾ—(ਪੁ.) ਦੋ ਸਾਂਘਾ

ਸਲਾਂਦ—(ਵਿ.) ਲਾਸ (ਲਾ. ਕ੍ਰਿ. ਪਾਣੀ, ਪੈਣੀ)

ਸਲਿਆਤ—(ਕ੍ਰਿ. ਵਿ.) ਸਬੱਬ

ਸਲਿਹਾ
ਸਲਿਹਾਜ —(ਵਿ.) ਸਾਲੇਹਾਰ

ਸਲੂਕੀ—(ਵਿ.) ਸਲੂਕ ਵਾਲਾ

ਸਲੂਕੇ (ਸਲੂਕੈ) ਨਾਲ—(ਕ੍ਰਿ. ਵਿ.) ਸਲੂਕ ਨਾਲ

ਸਵਕਤਾ
ਸਵਕਤੇ —(ਕ੍ਰਿ. ਵਿ.) ਸਵੱਖਤਾ, ਸੱਵਖਤੇ

ਸਵਜੀ—(ਵਿ.) ਸਬਜ਼ੀ

ਸਵਜੀ ਭਾਜੀ—(ਵਿ.) ਸਬਜ਼ੀ ਭਾਜੀ

ਸਵਰਨਾ—(ਕ੍ਰਿ. ਅਕ.) ਸੌਣਾ

ਸਵਰੀ ਜਾਣਾ—(ਮੁਹਾ.) ਸੌਂ ਜਾਣਾ

ਸੰਵਾਈ—(ਵਿ.) ਸਿਵਾਈ, ਸਿਲਾਈ

ਸੰਵਾਣਾ—(ਕ੍ਰਿ. ਪ੍ਰੇ.) ਸਿਲਾਉਣਾ

ਸਵਾਲਾ—(ਵਿ.) ਜਵਾਲਾ

ਸਵਾਨਾ ਆਲਮ (ਪੁ.) ਸਵਾਣੀ

ਸਵਾਰੇ ਸਵਾਰ—(ਪੁ.) ਗੁੱਲੀ ਡੰਡੇ ਦੀ ਇੱਕ ਖੇਡ ਜਿਸ ਵਿੱਚ ਮੀਰ ਲੈਣ ਵਾਲੀ ਧਿਰ ਦੂਜੀ ਧਿਰ ਦੇ ਖਿਡਾਰੀਆਂ ਦੀ ਪਿੱਠ ਪੁਰ ਸਵਾਰ ਰਹਿੰਦੀ ਹੈ

ਸਵਾਲ ਬਾਹਣਾ—(ਮੁਹਾ.) ਸਵਾਲ ਪਾਉਣਾ

ਸਵੇਲੇ—(ਕ੍ਰਿ. ਵਿ.) ੧.ਸਵੇਰ ਦੇ ਵੇਲੇ, ੨.ਤੜਕੇ, ੩.ਕਾਫ਼ੀ ਸਮਾਂ ਪਹਿਲਾਂ, ਆਸ ਕੀਤੇ ਜਾਂ ਨੀਅਤ ਕੀਤੇ ਸਮੇਂ ਤੋਂ ਪਹਿਲਾਂ, ਸਵੇਰੇ

ਸਵੇਪਰ—(ਵਿ.) ਸਿੱਧ

ਸਵੇਪਰਾ—(ਵਿ.) ਸਿੱਧਾ

ਸੜ ਮੋਈ ਛੱਡ ਛੱਲਿਆਂ ਖੂਹੋਂ—(ਅਖੌ.) ਜਦੋਂ ਇਹ ਦਰਸਾਉਣਾ ਹੋਵੇ ਕਿ ਕੋਈ ਮਨੁੱਖ ਇਹੋ ਜਿਹਾ ਚੰਗਾ ਕੰਮ ਕਿਵੇਂ ਕਰ ਸਕਦਾ ਸੀ ਤਾਂ ਵਰਤਦੇ ਹਨ

ਸੜਕਣ—(ਵਿ.) ਸੜਨ, ਜਲਣ

ਸੜਤ
ਸੜਤਨ —(ਵਿ.) ਸੜਕਣ

ਸੜਨਾ ਬਲਨਾ—(ਵਿ.) ਸੜਦਾ ਬਲਦਾ

ਸੜਨਿਆਂ ਕੀ ਸਾੜਾਂਗੇ, ਨਿਤ ਕੜਾਹੀ ਚਾੜ੍ਹਾਂਗੇ—(ਅਖੌ.) ਸੜਦਿਆਂ ਨੂੰ ਸਾੜਾਂਗੇ ਤੇ ਨਿੱਤ ਕੜਾਹੀ ਚਾੜ੍ਹਾਂਗੇ

ਸੜਨਿਆਂ ਬਲਨਿਆਂ—(ਕ੍ਰਿ. ਵਿ.) ਸੜਦਿਆਂ ਬਲਦਿਆਂ

ਸਤ੍ਰਿਆਂਧ ਕੱਢਣੀ—(ਮੁਹਾ.) ਸਾੜਾ ਕੱਢਣਾ
ਸਤ੍ਰ ਸਤ੍ਰ ਕਰਨਿਆਂ ਰਹਿਣਾ—(ਮੁਹਾ.) ਸਤ੍ਰ ਸਤ੍ਰ ਕਰਨਾ
ਸੜੂਕਣਾ—(ਕ੍ਰਿ. ਸਕ.) ਸੜੂਕਣਾ
ਸੜੂਕਾ—(ਪੁ.) ਸੜ੍ਹਕਾ
ਸੜੂਕੇ ਲਾਣਾ—(ਮੁਹਾ.) ਸੜੂਕੇ ਲਾਣਾ
ਸਾਇਤਾਂ ਤੇ ਹੋਣਾ—(ਮੁਹਾ.) ਆਖਰੀ ਸਾਇਤ ਤੇ ਹੋਣਾ
—ਘੜੀਆਂ ਸਾਇਤਾਂ ਤੇ ਹੋਣਾ—(ਮੁਹਾ.) ਘੜੀਆਂ ਪਲਾਂ ਤੇ ਹੋਣਾ
ਸਾਹ—(ਪੁ.) ਸਾਹਾ
ਸਾਹ ਸੁਧਾਣਾ—(ਮੁਹਾ.) ਸਾਹਾ ਸੁਧਾਉਣਾ
ਸਾਹ ਸੋਧਣਾ—(ਮੁਹਾ.) ਸਾਹਾ ਸੋਧਣਾ
ਸਾਹ—(ਵਿ.) ਸੁਆਹ
ਸਾਹ ਸਹਾਰਨਾ—(ਮੁਹਾ.) ਸਾਹ ਆਉਣ ਦੀ ਆਵਾਜ਼ ਸੁਣਨਾ
ਸਾਹ ਮੁੱਕੀ ਜਾਣਾ (ਗੱਡਣਾ)—(ਮੁਹਾ.) ਸਾਹ ਸੁੱਕ ਜਾਣਾ
ਸਾਹ ਸੁਕਾਣੀ ਛੇੜਨਾ—(ਮੁਹਾ.) ਸਾਹ ਸੁਕਾ ਛੱਡਣਾ
ਸਾਹ ਖੜਾਕੇ ਲੱਗਣਾ—(ਮੁਹਾ.) ਘੋਰੜੂ ਬੋਲਣਾ
'ਇੱਕੇ ਸਾਹ ਖੜਾਕੇ ਲੱਗਾ, ਨਾ ਕੁਝ ਕਮੀ ਕਿਆਵਾ' (ਸੈਫ਼ੁਲ)
ਸ਼ਾਹ-ਗੁਮਾਸ਼ਤੀ—(ਵਿ.) ਸ਼ਾਹੂਕਾਰਾ
ਸਾਹਲਕ—(ਵਿ.) ਸਹਿਲਕ
ਸਾਹਲਕੀ—(ਵਿ.) ਸਹਿਲਕੀ
ਸਾਹਲਾ—(ਕ੍ਰਿ. ਸਕ.) ਥੋੜ੍ਹੀ ਦੇਰੀ ਲਈ ਉਤਾਂਹ ਚੁਕ ਕੇ ਸਹਾਰੀ ਰੱਖਣਾ, ਕਿਸੇ ਭਾਰੀ ਚੀਜ਼ ਨੂੰ ਚੁਕ ਕੇ ਉਸ ਦਾ ਭਾਰ ਸਹਾਰਨਾ
ਸ਼ਾਹਦ—(ਵਿ.) ਅੱਖਾਂ ਨਾਲ ਵੇਖਣ ਵਾਲਾ
—ਸੌ ਦਿਹਾੜਾ ਚੋਰ ਦਾ, ਇਕ ਦਿਹਾੜਾ ਸ਼ਾਹਦੈ ਦਾ } (ਅਖੌ.) ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ
ਸਾਹਵਰਾ—(ਵਿ.) ਸਹੁਰਾ
ਸਾਹਵਰੇ—(ਪੁ.) ਸਹੁਰੇ
ਸਾਹੜਾ—(ਪੜ.) ਸਾਡਾ
ਸਾਹੜਾ ਵੇਲਾ ਅੱਛਣਾ ਗਾਹ (ਗਹਿਮਰ) ਪਈ ਰੱਛਣਾ } (ਅੱਖੋ.) ਜਦੋਂ ਅਸਾਡੀ ਵਾਰੀ ਆਉਂਦੀ ਹੈ ਤਾਂ ਕੋਈ ਨਾ ਕੋਈ ਝਮੇਲਾ ਪੈ ਜਾਂਦਾ ਹੈ ਭਾਵ ਜਦ ਸਾਡਾ ਵੇਲਾ ਆਉਂਦਾ ਤਾਂ ਗਾਹ ਪੈ ਜਾਂਦਾ ਹੈ
ਸਾਹਮਣਾ ਸਲੀਣਾ, ਸਾਹਮਣਾ ਸਲੀਟਣਾ } (ਕ੍ਰਿ. ਸਕ.) ਸਾਂਭਣਾ ਸਮੇਟਣਾ
ਸਾਹੜੇ ਆਹੜੀ ਸਾਹੜੇ ਆਲ ਛੇੜ ਮੋਝੀ ਤੁਹਾੜੇ ਆਲ } (ਅਖੋ.) ਸਾਡੇ ਆਹਣੀ ਸਾਡੇ ਵਲ ਤੇ ਭੇਡ ਮੋਝੀ ਤੁਹਾਡੇ ਵਲ

ਸਾਹਿਆ—(ਪੁ.) ਸਿਹਾ
ਸਾਹੀ—(ਵਿ.) ਸਾਹ (ਲਾ. ਕ੍ਰਿ. ਲੈਣੀ)
ਸਾਹੀ ਕੱਢਣੀ—(ਮੁਹਾ.) ਸਾਹ ਕੱਢਣਾ
ਸਾਹੀ ਕਢਾਣੀ—(ਮੁਹਾ.) ਸਾਹ ਕਢਾਉਣਾ
ਸਾਹੀ ਦਵਾਣੀ—(ਮੁਹਾ.) ਸਾਹ ਦਿਵਾਉਣਾ
ਸਾਕ ਮਿਲਨਿਆਂ ਨੇ ਜਿਵੀਆਂ ਵਾਹਨਿਆਂ ਨੀਆਂ ਘਰ ਵਸਨਿਆਂ ਨੇ } (ਅਖੋ.) ਸਾਕ ਮਿਲਦਿਆਂ ਦੇ, ਜ਼ਿਮੀ ਵਾਹੁੰਦਿਆਂ ਦੀ ਤੇ ਘਰ ਵਸਦਿਆਂ ਦੇ
ਸਾਂਝਾ ਬੱਬ ਨਾ ਪਿੱਟੇ ਕੋ—(ਅਖੋ.) ਸਾਂਝਾ ਬਾਪ ਨਾ ਪਿੱਟੇ ਕੋ
ਸਾਟਕੂ—(ਪੁ.) ਨਿਸ਼ਾਨੇ-ਬਾਜ਼
ਸਾਢਤ—(ਪੁ.) ਸਾਢੇ ਤਿੰਨ ਸੌ ਤੰਦਾਂ ਦੇ ਤਾਣੇ ਵਾਲਾ ਕਪੜਾ
ਸਾਢਤ ਚੋਲਾ—(ਪੁ.) ਹਿੰਦੂਆਂ ਦੀਆਂ ਕੁਝ ਕੁ ਜ਼ਾਤਾਂ ਵਿੱਚ ਇੱਕ ਰਸਮ ਹੈ ਜਿਸ ਅਨੁਸਾਰ ਉਹ ਕਿਸੇ ਮਿੱਥੇ ਹੋਏ ਦਿਨ ਨੂੰ ਪਿੱਸਾ, ਕਤਾ, ਬੁਣਾ ਅਤੇ ਸੀਂਵਾ ਕੇ ਚੋਲਾ ਬੱਚੇ ਨੂੰ ਪਾਉਂਦੇ ਹਨ। ਇਸ ਚੋਲੇ ਨੂੰ ਸਾਢਤ ਚੋਲਾ ਕਹਿੰਦੇ ਹਨ
ਸਾਤ—(ਕ੍ਰਿ. ਵਿ.) ਸਾਰ
—ਆਵਣ ਸਾਤ—(ਕ੍ਰਿ. ਵਿ.) ਆਉਣ ਸਾਰ
ਪਿੰਨਾ—(ਪੁ.) ਮਿੰਨਾ, ਮੱਲਾ
ਪਿਪੱਲਣ—(ਇ.) ਪਿਪਣੀ, 'ਹਰ ਪਿਪਣ ਦੇ ਵਾਲੋਂ ਕਿਰਦੇ ਹੰਝੂ ਮੋਤੀ ਗੁਲੀਆਂ' (ਸੈਫੁਲ)
ਪਿਪਲੀ—(ਇ.) ਪਿਪਣੀ
ਪਿਲਛੀ—(ਇ.) ਪਿਪੜੀ
ਪਿੜ ਪਾਣਾ—(ਮੁਹਾ.) ਛੰਛਾਰ ਮੇਲਣਾ
ਪਿੜਾ—(ਪੁ.) ਪੱਛੜਾ
ਪੀਹੂੰ—(ਪੁ.) ਪਿੱਸੂ
—ਪੀਹੂੰ ਪੈਣਾ—(ਮੁਹਾ.) ਪਿੱਸੂ ਪੈਣੇ
ਪੀਚਕ—(ਇ.) ਪੇਚਕ
ਪੀਂਢਾ—(ਵਿ.) ਪੀਢਾ
ਪੀਡਾ—(ਵਿ.) ਪੀਢਾ
ਪੀਲਕ—(ਇ.) ਪਲਿੱਤਣ
ਪੀਲਕਾ—(ਵਿ.) ਪੀਲਾ

ਪੀਲ ਪਲਾਂਘੜਾ
ਪੀਲ ਪਲਾਂਘਾ } (ਪੁ.) ਬੱਚਿਆਂ ਦੀ ਇੱਕ ਖੇਡ

ਪੀਲਿਆਈਂ—(ਇ.) ਪੀਲਿਆਈ

ਪੁਆਣਾ
ਪੁਆਹਣਾ } (ਵਿ.) ਪਰਾਹੁਣਾ, ਪਰਾਹੁਣਾ

ਪੁੱਛੂ ਪੁਛੂ ਕਰੂ, ਅੱਗ ਤੁਲੀ ਤੇ ਨਾ ਧਰੂ—(ਅਖੌ.) ਜ਼ਬਾਨੀ ਜਿੰਨਾ ਬਕਣ ਪਰ ਤਲੀ ਤੇ ਕੁਝ ਨਾ ਧਰਨ ਵਾਲੇ ਸਬੰਧੀ ਕਹਿੰਦੇ ਹਨ

ਪੁੱਛ—(ਇ.) ਉਹ ਰਕਮ ਜੋ ਬੀਮਾਰ ਨੂੰ ਵੇਖਣ ਆਏ ਮਿੱਤਰ ਦਵਾ ਦਾਰੂ ਲਈ ਦੇ ਜਾਂਦੇ ਹਨ
—ਪੁੱਛ ਦੇਣੀ—(ਮੁਹਾ.) ਕਿਸੇ ਬੀਮਾਰ ਦੀ ਖਬਰ ਸੁਰਤ ਲੈਣ ਗਿਆਂ ਕੁਝ ਰਕਮ ਦੇਣੀ
ਪੁੱਜਤ—(ਇ.) ਪੁੱਜ
ਪੁਜੀਂਦੜ—(ਵਿ.) ਪੁੱਜ ਵਾਲਾ
ਪੁਟਪੜੀ—(ਇ.) ਪੁੜਪੁੜੀ, 'ਅੱਖੀਂ ਲੱਗ ਰੱਤੇ ਭਰਦੈਂ, ਪੁਟ-ਪੜੀਆਂ ਵਿਚ ਰੋਝੇਂ' (ਸੈਫੁਲ)
ਪੁਠੀ—(ਇ.) ਅਸ਼ਟਾਮ ਜਾਂ ਪਰੋਨੋਟ ਆਦਿ ਦੇ ਪਿੱਛੇ ਵਸੂਲ ਹੋਈ ਰਕਮ ਦਾ ਅੰਦਰਾਜ
—ਪੁੱਠੀ-ਪਾਣੀ—(ਮੁਹਾ.) ਵਸੂਲੀ ਦਰਜ ਕਰਨਾ
ਪੁਰਬੀਆਂ ਲੱਗਣਾ—(ਮੁਹਾ.) ਮੌਜਾਂ ਲੱਗਣਾ
ਪੁਰਬੀਆਂ ਲੁੱਟਣਾ—(ਮੁਹਾ.) ਮੌਜਾਂ ਲੁੱਟਣਾ
ਪੁਰਛਣਾ—(ਕ੍ਰਿ. ਸਕ.) ਪਤੂੱਛਣਾ
ਪੁੜਨਾ—(ਕ੍ਰਿ. ਅਕ.) ਚੁੱਭਣਾ
ਪੁੜੇ ਲੱਗਣੇ—(ਮੁਹਾ.) ਪੁੜੇ ਪੈਣੇ
ਪੁੰਛਲ—(ਇ.) ਪੂਛਲ
ਪੂਣੀ ਪੰਗਾ—(ਪੁ.) ਪੰਗਾ
ਪੂੰਦ—(ਇ.) ਤੇਲ ਦੀ ਖਿੱਚ ਖਿੱਚ
ਪੂੰਦ ਪਾਣਾ—(ਮੁਹਾ.) ਪਾਪ ਪੱਟਣੀ
ਪੂੰਦਲ—(ਵਿ.) ਪੂੰਦ ਪਾਉਣ ਵਾਲਾ
ਪੂਰਨ—(ਪੁ.) ਭਰਤੀ
ਪੇਸ਼ਕਾਰਾ—(ਪੁ.) ਮਿਲਣੀ ਵੇਲੇ ਚਲਾਈ ਆਤਸ਼ਬਾਜ਼ੀ
ਪੇਸਣਾ—(ਕ੍ਰਿ. ਸਕ.) ਤੁੰਨਣਾ
ਪੇਹਲੀ—(ਇ.) ਕੀੜੀ
ਪੇਚਕ—(ਪੁ.) ਰੇਸ਼ਮ ਦਾ ਗੋਲਾ
ਪੇਟ ਚਟਾਈ—(ਇ.) ਗੁਜ਼ਰਾਨ
ਪੇਤਲਾ—(ਵਿ.) ਪਿੱਤਲ ਦਾ
ਪੇਨਾ—(ਇ.) ਪਿਨਣ ਵਾਲਾ
ਪੇਪਣੀ—(ਇ.) ਕਮੀਜ਼
ਪੇਵਰਾ—(ਪੁ.) ਪਿਉ
ਪੇਵੇ—(ਪੁ.) ਵਡੇਰੇ
ਪੇਵਰੇ—(ਪੁ. ਬ. ਵ.) ਪੇਈਅੜੇ
ਪੰਸਾ—(ਪੁ.) ਪੈਸਾ
ਪੈਂਸਿਆ—(ਪੁ.) ਤਾਣੇ ਵਿਚ ਪੰਜ ਸੌ ਤੰਦਾਂ ਵਾਲਾ ਖੱਦਰ
ਪੈਹਣਾ—(ਪੁ.) ਪਹਿਣਾ

ਪੈਣ ਪਟੱਕੇ
ਪੈਣ ਪੱਟੇ } (ਕ੍ਰਿ. ਵਿ.) ਪੈਣ ਪਟੱਕ, ਪੈਂਦੀ ਸੱਟ

ਪੈਂਤਰੀ—(ਵਿ.) ਪੈਂਤੀ

ਪੈਂਤਰੀਆਂ—(ਵਿ.) ਪੈਂਤੀਆਂ

ਪੈਨਿਆਂ ਲੈਨਿਆਂ
ਪੈਣਿਆਂ ਲੈਣਿਆਂ } (ਕ੍ਰਿ. ਵਿ.) ਪੈਂਦਿਆਂ ਲੈਂਦਿਆਂ

ਪੈਨੀ ਸੱਟੇ
ਪੈਣੀ ਸੱਟੇ } (ਕ੍ਰਿ. ਵਿ.) ਪੈਂਦੀ ਸੱਟੇ

ਪੈਂਤ—(ਪੁ.) ਪਟ, ਫੁਲਕਾਰੀ

ਪੈਂਦ—(ਕ੍ਰਿ. ਵਿ.) ਪਹਿਲਾਂ

ਪੈਲੇ ਪੈਨਿਆਂ ਵਾਰੀ ਨਾ ਔਣੀ—(ਮੁਹਾ.) ਜੁੱਤੀਆਂ ਪੈਂਦਿਆਂ ਵਾਰ ਨਾ ਆਉਣਾ

ਪੈਂਤ੍ਰਨਾ—(ਕ੍ਰਿ. ਸਕ.) ਫੜਨਾ

ਫ

ਫਈਂ ਸੱਟਣਾ—(ਕ੍ਰਿ. ਸਕ.) ਫੈਹ ਸੁੱਟਣਾ

ਫਈਂ ਮਾਰਨਾ—(ਕ੍ਰਿ.) ਫੈਂਹ ਮਾਰਨਾ

ਫਹਾਉੜਾ—(ਪੁ.) ਫੈਹੜਾ

ਫੱਕਾ—(ਪੁ.) ਫਸਲ, ਅਨਾਜ

— ਫੱਕਾ ਵੰਡਾਣਾ—(ਮੁਹਾ.) ਆਪਣੇ ਹਿੱਸੇ ਦਾ ਅਨਾਜ ਵੰਡਾਉਣਾ

ਫਗਵਾੜਾ—(ਪੁ.) ਅੰਜੀਰ

ਫੰਗ
ਫੰਘ } (ਪੁ.) ਖੰਭ

ਫੰਘੜ—(ਪੁ.) ਖੰਭੜ

ਫਜਰੀ
ਫ਼ਜਰੀਂ } (ਕ੍ਰਿ. ਵਿ.) ਸਵੇਰੇ

—ਫਜਰੀ ਵੇਲਾ
—ਫ਼ਜਰੀਂ ਵੇਲਾ } (ਪੁ.) ਸਵੇਰ ਵੇਲਾ

ਫਟਾ—(ਪੁ.) ਧਾਰੀਦਾਰ ਕਪੜਾ

ਫੰਡੀ—(ਵਿ.) ਮੁਧਰਾ

ਫੰਦਾ—(ਪੁ.) ਵੱਟਾ

ਫੜਾ
ਫੰਡਾ } (ਪੁ.) ਪਰੀਂਦਿਆਂ ਵਾਲੀ ਉੱਨ

ਫਤ੍ਹਿਆ—(ਵਿ.) ਫਤਿਹ

—ਫਤ੍ਹਿਆ ਮਿਲਣੀ—(ਮੁਹਾ.) ਸ਼ਾਬਾਸ਼ ਲੈਣੀ

ਫਤ੍ਹਿਆ-ਮੰਦ—(ਵਿ.) ਫਤਿਹਮੰਦ

ਫਤ੍ਹਿਆ ਲੈਣੀ—(ਮੁਹਾ.) ਸ਼ਾਬਾਸ਼ ਲੈਣੀ

ਫਧਣਾ (ਲਹਿੰ.)—(ਕ੍ਰਿ. ਸਕ.) ਫੜਨਾ

ਫਧਾਈ ਨਾ ਦੇਣੀ—(ਮੁਹਾ.) ਫੜਿਆ ਨਾ ਜਾਣਾ

ਫਧਾਣਾ (ਲਹਿੰ.)—(ਕ੍ਰਿ. ਸਕ.) ਫੜਾਉਣਾ

ਫਬਣਾ ਢੁਕਣਾ—(ਵਿ.) ਫਬਦਾ ਢੁਕਦਾ

ਫੱਬਾ—(ਪੁ.) ੧. ਪੰਬਾ ੨. ਸਿਰ ਵਿਚ ਪਈ ਸਿੱਕਰੀ

ਫਰੱਕਾ—(ਪੁ.) ਫਰਕਣ ਦਾ ਭਾਵ

ਫਰਕੇ ਫਰਕ
ਫਰਕੇ ਫਰਕੀ } —(ਕ੍ਰਿ. ਵਿ.) ਵੱਖ ਵੱਖ

ਫਰਗਲ
ਫਰਗਲਾ } (ਵਿ. ਪੁ.) ਖੁਲ੍ਹਾ ਝੱਗਾ ਜਾਂ ਚੋਗਾ

ਫਰਜ਼—(ਪੁ.) ਟੋਕ

ਫਰਤਾ—(ਵਿ.) ਟੇਢਾ

ਫਰਤੀ—(ਵਿ.) ਫੰਡਰ

ਫਰ੍ਹਿਮਣੀ—(ਵਿ.) ਫਿਮਣੀ

ਫਰੌਲਣੀ—(ਵਿ.) ਫੋਲਣੀ

ਫਰੌਲਾ ਫਰਾਲੀ—(ਵਿ.) ਫੋਲਾ ਫਾਲੀ

ਫ਼ਲਾਹਲ—(ਵਿ.) ਫਲਾਹਾਰ

ਫਲਿਆਟੀ—(ਵਿ.) ਫਲੀਆਂ ਦੇ ਸੁੱਕੇ ਛਿੱਲੜ

ਫੜ—(ਪੁ.) ਰੌਣਕ (ਨਾ. ਕ੍ਰਿ. ਖਾ ਬਹਿਣਾ, ਬਾਹਣਾ)

ਫੜਕਾ—(ਪੁ.) ਟੋਟਾ

ਫੜਲ—(ਵਿ.) ਫਰੜ

ਫੜਿੱਕਣਾ—(ਕ੍ਰਿ. ਅਕ.) ਫੜਕਣਾ

ਫੜਿੱਕੀ ਨੇ ਮਰੀ ਗੱਡਣਾ—(ਮੁਹਾ.) ਫੜਕ ਕੇ ਮਰ ਜਾਣਾ

ਫੜਿੱਕੀ ਪੈਣਾ—(ਮੁਹਾ.) ਫੜਕ ਪੈਣਾ

ਫੜਿੱਕੀ ਮਰਨਾ—(ਮੁਹਾ.) ਫੜਕ ਮਰਨਾ

ਫੜ੍ਹਤੀ—(ਵਿ.) ਸ਼ਰਾਰਤ

ਫੜਿੱਤੀਆਂ ਪੜ੍ਹਨੀਆਂ—(ਮੁਹਾ.) ਸ਼ਰਾਰਤਾਂ ਸਿਖਣੀਆਂ

ਫੜਿੱਤੀਆਂ ਪੜ੍ਹਾਣੀਆਂ—(ਮੁਹਾ.) ਉਲਟੀਆਂ ਸਿੱਧੀਆਂ ਪੜ੍ਹਾਉਣਾ

ਫਤੀਆ—(ਵਿ.) ਰੌਂਗਲੀ

ਫਤੂਤ ਫਤੂਤ ਕਰਨਾ—(ਮੁਹਾ.) ਟੱਪੂੰ ਟੱਪੂੰ ਕਰਨਾ

ਫਤੂਕਣਾ—(ਪੁ.) ਬਤੂਕਾ

ਫਾਸਣਾ—(ਕ੍ਰਿ. ਅਕ.) ਫਸਣਾ

ਫਾਸੀ—(ਵਿ.) ਫਾਂਸੀ

ਫਾਥੀ ਨਾ ਫੜਿੱਕਣ ਦੇ ?—(ਅਖੌ.) ਫਸੇ ਦਾ ਫੜਕਣ ਕੀ ?

ਫਿਸ—(ਇ.) ਦਾਬ, ਜ਼ੋਰ (ਲਾ. ਕ੍ਰਿ. ਆਵਣੀ, ਆ ਜਾਣੀ)
ਫਿੰਸੀ—(ਇ.) ਚਮੂੰਹੀਂ
ਫਿਹ—(ਇ.) ਜੱਟਾਂ ਦਾ ਇਕ ਸੰਦ ਜਿਸ ਨਾਲ ਪੁਰ ਉਭਾਉਂਦੇ ਹਨ
ਫਿਹ ਨਾਲ ਉਡਾਣਾ—(ਮੁਹਾ.) ਬਹੁਤ ਖੁਸ਼ੀ ਤਕਾਂ ਕਬੂਲ ਮਰਜ਼ੀ ਕਰਨੀ
ਫਿੰਜਰ—(ਇ.) ਪਤੰਗ ਦੀ ਬਾਂਸ ਦੀ ਤੀਲੀ
ਫਿਲੂਕਲਾ (ਪੁ.)
ਫਿਲੂਕਲੀ (ਇ.) } ਫੁਨਸੀ
ਫਿੰਡ—(ਇ.) ਗੇਂਦ
ਫਿੰਡ ਮਾਰਨੀ—(ਮੁਹਾ.) ਫੜ ਮਾਰਨਾ
ਫਿਤਨਾ—(ਵਿ.) ਬਿਲਕੁਲ ਛੋਟੇ ਜਿਹੇ ਕੱਦ ਦਾ
ਫਿਦਕਣਾ—(ਵਿ.) ਛੋਟਾ ਜਿਹਾ
ਫਿਮਣੀ—(ਇ.) ਫਿਮੁਣੀ
ਫਿਤ੍ਰੀਏਂ ਪੈਣਾ—(ਮੁਹਾ.) ਦੁਬਧਾ ਵਿੱਚ ਪੈਣਾ
ਫਿਤ੍ਰੀਏਂ ਪਾਣਾ—(ਮੁਹਾ.) ਦੁਬਧਾ ਵਿੱਚ ਪਾ ਦੇਣਾ
ਫੀ ਪੈਣੀ
ਫੀ ਬੱਝਣੀ } (ਮੁਹਾ.) ਨਿਯਮ ਬਣ ਜਾਣਾ
ਫੀਸ—(ਇ.) ਫੂਸੀ (ਲਾ. ਕ੍ਰਿ. ਮਾਰਨੀ)
ਫੀਸਣਾ—(ਕ੍ਰਿ. ਸਕ.) ਫੂਸੀ ਮਾਰਨਾ
ਫੀਸਲ—(ਵਿ.) ਫੂਸੀਆਂ ਮਾਰਨ ਵਾਲਾ
ਫੀਸੀ—(ਇ.) ਫੂਸੀ (ਲਾ. ਕ੍ਰਿ. ਮਾਰਨੀ)
ਫੀਹਕਰ
ਫੀਕਰ } (ਇ.) ਠੀਕਰ
ਫੁਹਾਰਾ—(ਪੁ.) ਰੋਗਾਂ ਦਾ ਮੌਸਮ
ਫੁੰਘਾ
ਫੂੰਘਾ } (ਪੁ.) ਖੰਭ, ਖੰਭੜੀ (ਕਸ਼ੀਦਾਕਾਰੀ ਵਿੱਚ)
ਫੌਂਘਾ
ਫੁੰਡਣਾ—(ਕ੍ਰਿ. ਅਕ.) ਫੁਲਣਾ
ਫੁੰਡਾਣਾ—(ਕ੍ਰਿ. ਸਕ.) ਫੁਲਾਉਣਾ
ਫੁੰਡੀ ਫੁੰਡੀ ਬਹਿਣਾ—(ਮੁਹਾ.) ਫੁਲ ਫੁਲ ਬਹਿਣਾ
ਫੁਫੜ
ਫੁਫੜਾ } (ਪੁ.) ਫੁੱਫੜ
ਫੁਤ ਫੁਤ—(ਵਿ.) ਪੁਤ ਪੁਤ
ਫੁਲਕਣਾ—(ਕ੍ਰਿ. ਅਕ.) ਫੁਦਕਣਾ
ਫੁੱਲਤੀਆਂ—(ਇ. ਬ. ਵ.) ਫੁਲੀਆਂ
ਫੁੱਲੇ—(ਪੁ. ਬ. ਵ.) ਗੋਲ ਗੱਪੇ
ਫੂਹ—(ਇ.) ਫੂਹੀ
ਫੂਹ ਭਰ—(ਕ੍ਰਿ. ਵਿ.) ਫੂਹੀ ਭਰ
ਫੂਹਾ—(ਪੁ.) ਫੂਹੀ
ਫੂਟ—(ਇ.) ਫੜ
ਫੂਟਾਂ ਮਾਰਨੀਆਂ—(ਮੁਹਾ.) ਫੜਾਂ ਮਾਰਨੀਆਂ
ਫੂਟੀ—(ਵਿ.) ਫੜਾਂ ਮਾਰਨ ਵਾਲਾ
ਫੇਹ ਨਾਲ ਉਡਾਣਾ—(ਮੁਹਾ.) ਫਿਹ ਨਾਲ ਉਡਾਉਣਾ
ਫੈਣੀਆਂ—(ਇ. ਬ. ਵ.) ਫੇਣੀਆਂ
ਫ਼ੈਰ—(ਕ੍ਰਿ. ਵਿ.) ਫ਼ਜਰ
—ਫ਼ੈਰ ਵੇਲਾ (ਪੁ.) ਫ਼ਜਰ ਵੇਲਾ
ਫ਼ੈਰੀਂ—(ਕ੍ਰਿ. ਵਿ.) ਫ਼ਜਰੀਂ
—ਫ਼ੈਰੀਂ ਵੇਲੇ—(ਕ੍ਰਿ. ਵਿ.) ਫ਼ਜਰੀਂ ਵੇਲੇ
ਫੌਂਡ—(ਇ.) ਫੂਹੀਂ (ਲਾ. ਕ੍ਰਿ. ਵਜਣੀ, ਕਰਨੀ, ਮਾਰਨੀ)
ਫੌਂਡੀ—(ਵਿ.) ਫੌਂਡ ਕਰਨ ਵਾਲਾ
ਫੌਰਤ—(ਪੁ.) ਗੰਦੀ ਗਾਲ੍ਹ
ਫੌਲੀਆਂ ਦਾ ਪਟ—(ਪੁ.) ਕਦਾਈ ਦਾ ਰੇਸ਼ਮ

ਬ

ਬਸ਼ਕ ਬਸ਼ਕਾ—(ਪੁ.) ਬਖਕ ਬਖਕਾ
ਬਸ਼ਕਣਾ—(ਕ੍ਰਿ. ਸਕ.) ਬਖਕਣਾ
ਬਸ਼ਕਿਆਲ—(ਪੁ.) ਬਖਸ਼ੀ (ਜ਼ਾਤ)
ਬਸ਼ਕੀ—(ਪੁ.) ਬਖਸ਼ੀ
ਬਸੁਰਾ—(ਵਿ.) ਬੇਸੁਰਾ
ਬਹਾਰਨਾ—(ਕ੍ਰਿ. ਅਕ.) ਬੁਹਾਰ
ਬਹਿਲ—(ਵਿ.) ਵਹਿਲ
—ਬਿਰੋਂ ਬਹਿਲ ਹੋਣੀ—(ਮੁਹਾ.) ਬੁਰੀ ਘਟਨਾ ਛੇਤੀ ਵਾਪਰ ਜਾਣੀ
—ਬਿਰੋਂ ਬਹਿਲ ਕਰਨੀ—(ਮੁਹਾ.) ਕਿਸੇ ਮੰਦੀ ਘਟਨਾ ਦੇ ਵਾਪਰਨ ਨੂੰ ਨੇੜੇ ਲਿਆਉਣਾ
ਬਹਿਲਾ—(ਕ੍ਰਿ. ਵਿ.) ਵਹਿਲਾ
ਬਹਿੜ—(ਵਿ.) ਵਹਿੜ
ਬਹਿੜਕਾ—(ਪੁ.) ਵਹਿੜਾ
ਬਹਿੜਕੀ—(ਇ.) ਵਹਿੜੀ
ਬਹਿੜਾ—(ਪੁ.) ਵਹਿੜਾ
ਬਹੀ—(ਵਿ.) ਬੀਹ
ਬਹੀ-ਦਾਣਾ—(ਪੁ.) ਬੀਹ ਦਾਣਾ

ਬਹੁਸਣਾ—(ਕ੍ਰਿ. ਅਕ.) ਬਹਿਸਣਾ

ਬਹੁੜਕਣਾ—(ਕ੍ਰਿ. ਅਕ.) ਮੌਂਡਕਣਾ

ਬਹੁਟੜੀ—(ਵਿ.) ਵਹੁਟੜੀ

ਬਹੁਟੀ—(ਇ.) ਵਹੁਟੀ

ਬਹੂ—(ਕ੍ਰਿ.ਵਿ.) ਬਹੁ

ਬਹੇਕਤ, ਬੈਕੜ—(ਪੁ.) ਇਕ ਜੰਗਲੀ ਬੂਟਾ ਜਿਸ ਨੂੰ ਸੁਕਾ ਕੇ ਤੰਦੂਰ ਵਿੱਚ ਬਾਲਦੇ ਹਨ। ਇਸ ਦੇ ਚਿੱਟੇ ਚਿੱਟੇ ਫੁਲ ਦਵਾਈਆਂ ਵਿਚ ਵਰਤੇ ਜਾਂਦੇ ਹਨ

ਬਹੇੜਾ—(ਪੁ.) ਬਹੇੜਾ

ਬਹੇਲਾ—(ਪੁ.) ਬਸੇਲਾ

ਬਹੇਲੀ—(ਇ.) ਬਸੇਲੀ

ਬਕਹਿਦ—(ਵਿ.) ਅਮੋੜ

ਬਕਰੈਲ—(ਇ.) ਬਹੁਤ ਹੀ ਮੋਟਾ ਸੱਪ

ਬਕਰੌਦਾ—(ਪੁ.) ਬਕਰੀ ਦਾ ਬੱਚਾ

ਬਕਰੋਟੀ—(ਇ.) ਬਕਰੀ ਦੀ ਬੱਚੀ

ਬੰਕਾ ਬੂਈ—(ਇ.) ਹਥੂਆ

ਬਕਿੰਦ—(ਵਿ.) ਬੇਗ਼ੈਰਤ

ਬੰਖ—(ਇ.) ਵੱਖ

ਬਖ਼ਤ—(ਪੁ.) ਵਖ਼ਤ

ਬੱਖਰ—(ਪੁ.) ਵੱਖਰ

ਬੱਖਰਾ—(ਵਿ.) ਵੱਖਰਾ

ਬਖਿਆਂਧ—(ਪੁ.) ਬਖੇੜਾ (ਲਾ. ਕ੍ਰਿ. ਨਿਕਲਣਾ)

ਬੱਖੀ—(ਇ.) ਵੱਖੀ

ਬਖੇੜ ਪੈਣਾ—(ਮੁਹਾ.) ਨਾੜ ਤੇ ਨਾੜ ਚੜ੍ਹਨਾ

ਬਗ—(ਇ.) ਵੰਗ

ਬਗਣਾ—(ਕ੍ਰਿ. ਅਕ.) ਵਗਣਾ

ਬਗਨਾ—(ਵਿ.) ਬਗਦਾ

ਬਗਰੋਟਾ—(ਪੁ.) ਬੱਕਰੋਟਾ

ਬਗਰੋਟੀ—(ਇ.) ਬੱਕਰੋਟੀ

ਬੰਗਾੜ—(ਪੁ.) ਜੁਆਰ ਦਾ ਛਿੱਲਾ ਟਾਂਡਾ

ਬਗਾਣਾ—(ਕ੍ਰਿ. ਸਕ.) ਵਗਾਉਣਾਂ

ਬਗਾਣਾ—(ਵਿ.) ਬਗਾਨਾ

ਬਗਾਰ, ਬੰਗਾਰ—(ਇ.) ਵਗਾਰ

ਬਗਾੜ—(ਪੁ.) ਵਿਗਾੜ

ਬਗਾੜਨਾ—(ਕ੍ਰਿ. ਸਕ.) ਵਿਗਾੜਨਾ

ਬੰਗਿਆਰਾ—(ਪੁ.) ਵੰਗਾਂ ਵੇਚਣ ਵਾਲਾ

ਬੰਗਿਆਰਨ—(ਇ.) ਵੰਗਾਂ ਵੇਚਣ ਵਾਲੀ

ਬੱਚੀ ਬਾਚ—(ਪੁ.) ਬਾਲ ਬੱਚੇ

ਬਟੇਕ, ਬੰਟੋਰ (ਪੁ.); ਬਟੇਕੀ, ਬਟੰਗੀ (ਇ.)—ਇਕ ਫਲ ਦਾ ਨਾਉਂ ਜੋ ਪਹਾੜੀ ਇਲਾਕੇ ਵਿਚ ਬਹੁਤ ਹੁੰਦਾ ਹੈ

ਬਟਵਾਲੀ—(ਇ.) ਵਟਵਾੜੀ

ਬੱਡਾ—(ਵਿ.) ਵੱਡਾ

ਬਡੂਨੀ—(ਇ.) ਮਣਛਿੱਟੀ

ਬੱਤ੍ਰੀ, ਬੱਤਰੀ—(ਵਿ.) ਬੱਤੀ

ਬੱਤਰੀ ਸੁਲੱਖਣਾ—(ਵਿ.) ਚੰਗੇ ਭਾਗਾਂ ਵਾਲਾ

ਬੱਤ੍ਰੀਆਂ, ਬੱਤਰੀਆਂ—(ਇ.) ਬੱਤੀਆਂ

ਬਤਰੀਹ—(ਇ.) ਮਸੂੜਾ

ਬਦਨਾਂ—(ਵਿ.) ਬਦਨਾਮ, 'ਰੰਡੀਆਂ ਦੇ ਨਾਂ ਬਦਨਾਂ ਸੁਹਾਗਣਾਂ ਪੱਟੇ ਫਿਰਨ'

ਬਦਨਾਈਂ, ਬਦਨਾਵੀਂ—(ਇ.) ਬਦਨਾਮੀ

ਬਦਰਾਹਣਾ, ਬਦਰੂਹਣਾ—(ਕ੍ਰਿ.) ਬਦਨਾਮ ਕਰਨਾ

ਬਦਲਾਟ—(ਇ.) ਬੱਦਲਵਾਈ

ਬਦਾਨ—(ਪੁ.) ਵਦਾਣ

ਬੰਦੂਰੀ—(ਇ.) ਬੋਦੀ (ਲਾ. ਕ੍ਰਿ. ਖੋਹਣੀ, ਪੱਟਣੀ)

ਬੱਧਰ—(ਪੁ.) ਵੱਧਰ

ਬੱਧਰੀ—(ਇ.) ਵੱਧਰੀ

ਬੰਧਾ—(ਪੁ.) ਗਹਿਣੇ ਰੱਖੀ ਚੀਜ਼

ਬੰਧਾ ਛੁਡਾਣਾ—(ਮੁਹਾ.) ਗਹਿਣਾ ਛੁਡਾਉਣਾ

ਬਧਾਰ—(ਪੁ.) ਬੁੱਧਵਾਰ

ਬਧਾਰੇਂ, ਬਧਾਰੈਂ—(ਕ੍ਰਿ. ਵਿ.) ਬੁੱਧਵਾਰ ਨੂੰ

ਬੰਧੇ ਪਾਣਾ—(ਮੁਹਾ.) ਗਹਿਣੇ ਪਾਉਣਾ

ਬੰਧੇ ਪੈਣਾ—(ਮੁਹਾ.) ਗਹਿਣੇ ਪੈਣਾ

ਬੰਧੇ ਰੱਖਣਾ—(ਮੁਹਾ.) ਗਹਿਣੇ ਰੱਖਣਾ

ਬਧੋਗਾਹੀ—(ਇ.) ਮਜਬੂਰੀ, ਧਿੰਗੋਜ਼ੋਰੀ

ਬਧੋਗਾਹੀ ਨਾ ਸੌਦਾ—(ਪੁ.) ਬਦੋਬਦੀ ਦਾ ਸੌਦਾ

ਬੰਨ੍ਹ } (ਵਿ.) ਬੰਨ੍ਹ ਮਾਰ ਕੇ ਰੋਕਿਆ ਪਾਣੀ
ਬੰਨ੍ਹੀ

ਬੰਨ੍ਹਣੀ—(ਵਿ.) ਸਰੀਰ ਦੀ ਬਣਾਵਟ

ਬਨਵਾੜ—(ਵਿ.) ਕਪਾਹ ਦੀ ਫ਼ਸਲ

ਬੰਨ੍ਹਾਂ—(ਵਿ.) ਪੋਠੋਹਾਰ ਦੀ ਇੱਕ ਪਰਸਿੱਧ ਬਰਸਾਤੀ ਨਦੀ

ਬਨ੍ਹਾਈਂ—(ਪੁ.) ਬੰਨ੍ਹਾਂ ਦੇ ਕੰਢੇ ਦਾ ਵਸਨੀਕ

ਬਨਾ ਧੌੜੀ ਛੋਡਣੀ } (ਮੁਹਾ.) ਬੁਨਿਆਦ ਪੁੱਟ ਛੱਡਣੀ
ਬਨਾ ਮਾਰੀ ਦੇਣੀ

ਬੰਨ੍ਹੀ—(ਵਿ.) ਛੋਟਾ ਜਿਹਾ ਤ੍ਰਲਾ ਜੋ ਬਰਸਾਤੀ ਪਾਣੀ ਬੰਨ੍ਹ ਮਾਰੇ

ਬੰਨੀ—(ਵਿ.) ਲਾੜੀ

ਬੰਨੀ ਬੰਨਾ ਰਾਜੀ ਤੇ ਕੇ ਕਰੇਸੀ ਕਾਜੀ—(ਅਖੌ.) ਮੀਆਂ ਬੀਵੀ ਰਾਜ਼ੀ ਤੇ ਕੀ ਕਰੇਗਾ ਕਾਜ਼ੀ

ਬੰਨ੍ਹੀ ਚੁਨ੍ਹੀ ਕੈ—(ਕ੍ਰਿ. ਵਿ.) ਬੰਨ੍ਹ ਚੁੰਨ੍ਹ ਕੇ

ਬਨ੍ਹੇਤਾ—(ਵਿ.) ਬੰਨ੍ਹ, ਟੋਭਾ

ਬਬੀਹਾ—(ਪੁ.) ਬੱਚਿਆਂ ਦੀ ਸੀਟੀ ਜੋ ਸਾਹ ਅੰਦਰ ਖਿੱਚਦਿਆਂ ਤੇ ਬਾਹਰ ਕਢਦਿਆਂ ਦੋਹਾਂ ਹਾਲਤਾਂ ਵਿੱਚ ਬੋਲਦੀ ਹੈ

ਬਬੇਹਾ—(ਪੁ.) ਕਹਿਲਾ, ਮੱਕੜ

ਬੱਭਤ—(ਪੁ.) ਬੰਧਨ

ਬ੍ਰਹਮਪੁਰੀ—(ਵਿ.) ਬ੍ਰਹਮਭੋਜ

ਬਰਮ—(ਪੁ.) ਵਰਮ

ਬਰਲਾਣਾ—(ਕ੍ਰਿ. ਅਕ.) ਬਰੜਾਉਂਦਾ

ਬਰਾ—(ਪੁ.) ਢੂੰਡਿਆਂ ਹੋਇਆ ਲੇਲਾ

ਬਰਾਗ—(ਪੁ.) ਵਰਾਗ

ਬਰਾਗਿਆ ਜਾਣਾ—(ਮੁਹਾ.) ਵਿਰਾਗਿਆ ਜਾਣਾ

ਬਰਿਉਂ—(ਵਿ.) ਇਕ ਬੂਟੀ ਜਿਸ ਨੂੰ ਚਾਰੇ ਵਿਚ ਖਾ ਜਾਣ ਨਾਲ ਪਸ਼ੂ ਬੀਮਾਰ ਹੋ ਜਾਂਦੇ ਹਨ

ਬਰਿਹਾਲ—(ਵਿ.) ਵਰਿਹਾਲ

ਬਰ੍ਹਿਠ—(ਕ੍ਰਿ. ਵਿ.) ਵਰਿਠ

ਬਰੂਰੀ—(ਵਿ.) ਅਡਿੱਠੀ

ਬਰ੍ਹੂ—(ਪੁ.) ਬਰੂ

ਬਰੂਟੀ—(ਵਿ.) ਬਰੋਟਾ

ਬਰੂਰਨਾ—(ਕ੍ਰਿ. ਸਕ.) ਪੂਰਨਾ

ਬਰੂਲਾ—(ਵਿ.) ਬੁਰੀ ਹਾਲਤ ਵਾਲਾ

ਬਰੋਹਬੀ—(ਵਿ.) ਬੇਇਜ਼ਤੀ (ਲਾ. ਕ੍ਰਿ. ਹੋਣੀ, ਕਰਨੀ, ਕਰਾਣੀ)

ਬੱਲ—(ਕ੍ਰਿ. ਵਿ.) ਵਲ

ਬਲਮੀ } (ਵਿ.) ਲੜਾਕੀ (ਜ਼ਨਾ)
ਬਲਮੋ

ਬਲੰਗਾਲਾ } (ਪੁ.) ਟੈਂਗਣਾ
ਬਲੰਘ

ਬਲਵਾਨੀ—(ਵਿ.) ਜ਼ਬਰਦਸਤੀ

ਬਲੂਹਣਾ—(ਪੁ.) ਵਾਵਰੋਲਾ

ਬਲੂਰ—(ਪੁ.) ਬਲੂੰਗੜਾ

ਬੱਲੇਂ ਜਹੇ } (ਕ੍ਰਿ. ਵਿ.) ਹੌਲੀ ਜਹੀ
ਬੱਲੇਂ ਨਾਲ

ਬੱਲੇਂ ਬੱਲੇਂ—(ਕ੍ਰਿ. ਵਿ.) ਹੌਲੀ ਹੌਲੀ, ਸਹਿਜੇ ਸਹਿਜੇ

ਬਲ੍ਹੇ ਨਾ ਬਲ੍ਹਾ ਨਹੀਂ ਤਾਂ ਮੱਥੇ ਫੁੱਲੀ ਤੇ ਹੋਸੀ—(ਅਖੌ.) ਪਿਤਾ ਪਰ ਪੁਤ, ਪੋਤੇ ਪਰ ਘੋੜਾ, ਬਹੁਤਾ ਨਹੀਂ ਪਰ ਥੋੜਾ ਥੋੜਾ

ਬਲੋਚਣ—(ਪੁ.) ਬਲੋਚਣ, ਬਲੋਚਣਾ

ਬਲ੍ਹੇਟਣਾ—(ਕ੍ਰਿ. ਸਕ.) ਵਲ੍ਹੇਟਣਾ

ਬਲੌਕਣੀ—(ਵਿ.) ਮਿੱਟੀ ਦੀ ਦਵਾਤ

ਬੱਵ੍ਹੱਟਾ—(ਪੁ.) ਬਵੱਟਾ

ਬਵਾਹਣਾ—(ਕ੍ਰਿ. ਸਕ.) ਪੁਆਉਣਾ, ਬੁਹਾਣਾ

ਬੜਨਾ—(ਕ੍ਰਿ. ਅਕ.) ਵੜਨਾ

ਬੜੂੰਆਂ—(ਪੁ.) ਬੁਰਾ, ਫਰੂੰਹਾਂ

ਬਾਇਰਾ—(ਪੁ.) ਬਾਜਰਾ

ਬਾਬਾ—(ਪੁ.) ਤਿਤਲੀ

ਬਾਂਹ ਪੌੜਨੀ—(ਕ੍ਰਿ. ਸਕ.) ਵੀਣੀ ਫੜਨੀ

ਬਾਹਣਾ—(ਕ੍ਰਿ. ਸਕ.) ਪਾਉਣਾ

ਬਾਹਰਲਾ—(ਪੁ.) ਸੂਰ (ਕੇਵਲ ਮੁਸਲਮਾਨ ਕਹਿੰਦੇ ਹਨ)

ਬਾਹਰਾ—(ਵਿ.) ਬਾਹਰਲਾ

ਬਾਹਵਲੀ—(ਵਿ.) ਬਾਹਰਲਾ

ਬਾਘੜ ਬਿੱਲ—(ਵਿ.) ਭਿੱਧ

ਬਾਘੜ ਬਿੱਲਾ—(ਪੁ.) ਮੋਟਾ ਬਿੱਲਾ

ਬਾਜਰੀ ਕੁੱਦਣੀ—(ਮੁਹਾ.) ਮੱਖ ਲੜਨੀ

ਬਾਜਰੇ ਨੀ ਰੋਟੀ ਸਾਗੋ ਨਾ ਪਿੰਨਾ } (ਅਖੌ.) ਕਿਸੇ ਚੀਜ਼ ਦੀ ਕਦਰ ਜਾਂ ਪਛਤਾਵੇ ਕਰੋਂ ਕਹਿੰਦੇ ਹਨ
ਮਾ ਸਿੱਧੀ ਦੇਵੀ ਰਹੀ, ਮੈਂ ਨਾ ਪਿੰਨਾ
ਹਾਏ ਓਏ ਰੁਸ ਬੋਲਿਆ
ਹਾਏ ਮਾੜੇ ਵਤਨੋਂ ਨੀਵੇਂ ਬੂਟੀਏ

ਬਾਜਾ—(ਪੁ.) ਬਾਜ਼ੀ (ਲਾ. ਕ੍ਰਿ. ਹੋਣਾ, ਕਰਨਾ)

ਬਾਜੇ ਨੀ ਮੁਕਾਣ ਆਵਣਾ—(ਮੁਹਾ.) ਕਬੱਡੀ ਦੀ ਖੇਡ ਵਿੱਚ ਇੱਕ ਬਾਜੀ ਜਿੱਤ ਕੇ ਜੇਤੂ ਧੜੇ ਦੇ ਆਦਮੀ ਦਾ ਹਾਰਿਆਂ ਹੋਇਆਂ ਵਲ ਕੌਡੀ ਦੇਣ ਜਾਣਾ

ਬਾਜ੍ਹੂ—(ਪੁ.) ਬਾਜ਼ੂ

ਬਾਣਾ—(ਕ੍ਰਿ. ਸਕ.) ਆਖਣਾ

ਬਾਦਰ—(ਪੁ.) ਹੈਸੀਅਤ, ਤੌਫ਼ੀਕ, ਪਾਇਆ

ਬਾਂਦਾ—(ਵਿ.) ਵਾਂਗ

ਬਾਫ਼ਕ—(ਵਿ.) ਵਾਕਫ਼

ਬਾਫ਼ਕੀ—(ਵਿ.) ਵਾਕਫ਼ੀ

ਬਾਲੇ ਨਾ ਪੱਜ ਮਾਊ ਨਾ ਰੰਜ—(ਅਖੌ.) ਬਾਲ ਦਾ ਪੱਜ ਤੇ ਮਾਂ ਦਾ ਰੰਜ

ਬਿਸਣਾ—(ਕ੍ਰਿ. ਅਕ.) ਵਿਸਾਹ ਕਰਨਾ

ਬਿਸਲਾ—(ਵਿ.) ਵਿਸਲਾ, ਵਿਹੁਲਾ

ਬਿਚਕਲ—(ਵਿ.) ਜੋਕ, ਜਲਮ

ਬਿੱਛੂ—(ਪੁ.) ਬਿੱਛੂ

ਬਿੱਜਮ—(ਵਿ.) ਵਿੱਜ

ਬਿਜਨ—(ਅਵ.) ਬਿਨਾ

ਬਿਜ੍ਹੂ—(ਪੁ.) ਬਿੱਜੂ

ਬਿਟੀ—(ਵਿ.) ਪੁਰਾਣੇ ਜ਼ਮਾਨੇ ਦੀ ਸੋਨੇ ਦੀ ਮੋਹਰ

ਬਿਠ—(ਵਿ.) ਵਿਠ

ਬਿੰਡਤਾ—(ਪੁ.) ਬਿੰਡਾ

—ਬਿੰਡੜੇ ਬਹਿਣਾ—(ਮੁਹਾ.) ਖਾਰੇ ਚੜ੍ਹਨਾ

ਬਿੰਡਾ—(ਪੁ.) ਬਿੰਡਤਾ

—ਬਿੰਡੇ ਬਹਿਣਾ—(ਮੁਹਾ.) ਬਿੰਡੜੇ ਚੜ੍ਹਨਾ

ਬਿੰਡੀ—(ਵਿ.) ਪੀਂਘ ਦੀ ਫੱਟੀ

ਬਿੱਤ—(ਪੁ.) ਵਿਤ

ਬਿੱਤੋਂ ਬਾਹਰਾ—(ਕ੍ਰਿ. ਵਿ.) ਵਿੱਤੋਂ ਬਾਹਰਾ

ਬਿਥਤਾ—(ਵਿ.) ਬਿੱਪਤਾ

ਬਿੱਲ ਨਾਖ—(ਵਿ.) ਮੋਟੀ ਤੇ ਖੱਟੀ ਨਾਖ

ਬਿੱਲਾ ਖ਼ਾਰਜੀ—(ਵਿ.) ਬਿੱਲਾ

ਬੀਆ—(ਪੁ.) ਘਰ, ਘੁਰਾ

ਬੀਬੀ }
ਬੀਬੀ } (ਵਿ.) ਭਿੱਜੀ

ਬੀਰੀ—(ਵਿ.) ਕੋਰੀ

ਬੀਰੀ ਮਿਲਣੀ }
ਬੀਰੀ ਮਿਲ ਜਾਣੀ } (ਮੁਹਾ.) ਵੈਰਲ ਪ ਜਾਣੀ

ਬੀਰੀ ਬਟਣੀ—(ਮੁਹਾ.) ਭੁਖ ਸਾਧਣਾ

ਬੀਜਾ—(ਪੁ.) ਲੌਂਗ ਕੋਲੀ ਕੋਕੇ ਆਦਿ ਦੀ ਚਾਂਦੀ ਦੀ ਚਿਪਟ ਜਹੀ ਜੋ ਨੱਕ ਦੇ ਅੰਦਰੋਂ ਹੋ ਕੇ ਲੌਂਗ ਦੇ ਛੇਕ ਵਿਚ ਪੈ ਜਾਂਦੀ ਹੈ

ਬੁਆਣਾ }
ਬੁਆਹਣਾ } (ਕ੍ਰਿ. ਸਕ.) ਪੁਆਉਣਾ
ਬੁਹਾਣਾ }

ਬੁਸ—(ਪੁ.) ਬੁੱਦ

ਬੁੱਸ ਭੰਨਣਾ—(ਮੁਹਾ.) ਬੁੱਦ ਦੂਰ ਕਰਨਾ

ਬੁੱਸਾ—(ਵਿ.) ਬੁੱਟਾ

ਬੁਹਾਰ—(ਪੁ.) ਵਿਹਾਰ, ਬਿਹਾਰ

ਬੁਹਾਰੀ—(ਵਿ. ਪੁ.) ਵਿਹਾਰੀ, ਬਿਹਾਰੀ

ਬੁਹਾਰੇ ਨੀ ਗਲ—(ਵਿ.) ਵਿਹਾਰ ਦੀ ਗੱਲ

ਬੁਖ਼ਾਰ—(ਪੁ.) ਲੋਹੜੀ ਤੋਂ ਪਹਿਲਾਂ ਮੰਗੀਆਂ ਗੋਹੇ ਲੱਕੜਾਂ ਆਦਿ ਨੂੰ ਹਰ ਜ਼ੁਮੇਰਤਵਾਰ ਦੀ ਰਾਤ ਨੂੰ ਬਾਲਣ ਦੀ ਇੱਕ ਰਸਮ

ਬੁਖ਼ਾਰ ਮੰਗਣਾ—(ਮੁਹਾ.) ਲੋਹੜੀ ਤੋਂ ਪਹਿਲਾਂ ਹਰ ਜ਼ੁਮੇਰਤ-ਵਾਰ ਦੀ ਰਾਤ ਨੂੰ ਅੱਗ ਬਾਲਣ ਲਈ ਲਕੜਾਂ ਆਦਿ ਮੰਗਣਾ

ਬੁਖ਼ਾਰ ਵਿਆਹਣਾ—(ਮੁਹਾ.) ਬੁਖਾਰ ਦੀ ਬਲਦੀ ਅੱਗ ਵਿੱਚੋਂ ਇੱਕ ਅੱਧ ਲੱਕੜ ਲਿਜਾ ਕੇ ਦੂਜੀ ਢੇਰੀ ਵਿੱਚ ਪਾਉਣਾ

ਬੁਗਦਰੂ—(ਪੁ.) ਬੁਗ਼ਦਰ

ਬੁੱਚੜੀ—(ਵਿ.) ਬੋਦੀ

ਬੁਫ਼ੰਕਾ (ਪੁ.) }
ਬੁਫ਼ਾਤ (ਵਿ.) } ਬੁਖ਼ਾਰਤ

ਬੁੱਟ ਹੋਣਾ—(ਮੁਹਾ.) ਬੰਦ ਹੋਣਾ (ਨੱਕ ਦਾ)

ਬੁੰਡਰੀ }
ਬੁੰਡੜੀ } (ਵਿ.) ਛੂਈ, ਬੂੜ, ਚਿੱਤੜ

ਬੁੱਢ-ਮਰਨਾ }
ਬੁੱਢਾ ਮਰਨਾ } (ਪੁ.) ਵੱਡਾ ਕਰਨ ਦੀ ਰਸਮ

ਬੁੱਢਾ ਮਰਨਾ ਕਰਨਾ }
ਬੁੱਢਾ ਮਰਨਾ ਕਰਨਾ } (ਮੁਹਾ.) ਵੱਡਾ ਕਰਨਾ

ਬੁੱਢਾ ਜਰੀਨ—(ਪੁ.) ਬਹੁਤ ਬੁੱਢਾ

ਬੁੱਢੀ ਨਾ ਰੋਹ ਖੰਧਲੇ ਤੇ—(ਅਖੌ.) ਮਾੜਾ ਆਦਮੀ ਗੁੱਸਾ ਵੀ ਕਰੇ ਤਾਂ ਆਪਣੇ ਆਪ ਨੂੰ ਹੀ ਗਾਲ੍ਹਾਂ ਦੇਵੇਗਾ

ਬੁਧਕੀ—(ਵਿ.) ਬੁੱਧਕੀ

ਬੁਧਾਰ—(ਪੁ.) ਬੁੱਧਵਾਰ

ਬੁਧਾਰੀਂ }
ਬੁਧਾਰੋਂ } (ਕ੍ਰਿ. ਵਿ.) ਬੁਧਵਾਰ

ਬੈਨ੍ਹ—(ਕ੍ਰਿ. ਵਿ.) ਹੇਠਾਂ, ਤੱਲੇ

ਬੁੰਨੂਲਾ—(ਵਿ.) ਠੇਠਲਾ

ਬੁੰਨੂ (ਵਿ.) } ਬੁੰਨੂਲਾ
(ਅਵ.) } ਬੁੰਨੂ

ਬੁੰਨੂੰਗਾ—(ਵਿ.) ਬੁਨੂਲਾ

ਬੁਨੈਲਣ—(ਵਿ.) ਰਾਵਲਪਿੰਡੀ ਤੋਂ ਪੂਰਬ ਵਲ ਦੇ ਇਲਾਕੇ ਦੀ ਵਸਨੀਕ

ਬੁਨੈਲਾ—(ਪੁ.) ਰਾਵਲਪਿੰਡੀ ਤੋਂ ਪੂਰਬ ਵੱਲ ਦੇ ਇਲਾਕੇ ਦਾ ਵਸਨੀਕ

ਬੁਨੈੜ }
ਬੁਨੈੜ } (ਵਿ.) ਰਾਵਲਪਿੰਡੀ ਤੋਂ ਪੂਰਬ ਵਲ ਦਾ ਇਲਾਕਾ

ਬੁੱਬ—(ਵਿ.) ਡੂੰਘੀ, ਡੂਬਾ

ਬੂੰਬੀ—(ਵਿ.) ਡਿੱਗੂ

ਬੁੰਬੜ—(ਪੁ.) ਬੁੜਬੜੀ

ਬੁਰਖਾ—(ਪੁ.) ਬੁਰਕਾ

ਬੁਲਬਲ ਗਈ ਬਟੇਰਾ ਲਾ }
ਖੁਰਮੂ ਬੈਠ ਚੂਰੀਆਂ ਖਾ } (ਅਖੌ.) ਜਦੋਂ ਕੋਈ ਸ਼ਿਕਾਰ ਕਿਸੇ ਦੇ ਹੱਥੋਂ ਨਿਕਲ ਜਾਵੇ ਤਾਂ ਕਹਿੰਦੇ ਹਨ

ਬੁਲੂ—(ਵਿ. ਪੁ.) ਬਿਲੂ

ਬੁਲੂ—(ਪੁ.) ਬਾਜਰੇ ਦੀ ਤੋਹ

ਬੁੜ੍ਹ—(ਵਿ.) ਵਾਹੀ ਹੋਈ ਜ਼ਮੀਨ

ਬੁੜ੍ਹਨਾ—(ਕ੍ਰਿ. ਅਕ.) ਡੂਜੂਣਾ, ਵਾਹਿਆ ਜਾਣਾ

ਬੁੜਮਾਂ—(ਪੁ.) ਬੂੜਾ, ਬਤੂੰਆਂ

ਬੂਹਣੀ—(ਵਿ.) ਬੋਹਣੀ

ਬੂਹੇ ਅੱਗੇ ਕਿੱਕਰੀ, ਰਹੀ ਸਵਾਰੀ ਸਿਕਰੀ—(ਅਖੌ.) ਨੂੰਹ ਤੇ ਪੋਤੀ ਰਹਿ ਗਈ, ਮੂੰਹ ਤੇ ਮੱਖੀ ਬਹਿ ਗਈ

ਬੇ—(ਵਿ.) ਬੇਬੇ

ਬੇਓੜਕਾ—(ਵਿ.) ਬੇਓੜਕ

ਬੇਓੜਕਾਂ ਜਾ—(ਵਿ.) ਬੇਓੜਕ

ਬੇਓੜਾ—(ਵਿ.) ਬੇਓੜਕਾ

ਬੇ ਅਬਰੋਇਆ—(ਵਿ.) ਬੇਆਬਰੂ

ਬੇ ਅਬਰੋਈ—(ਵਿ.) ਬੇਇਜ਼ਤੀ

ਬੇਕਹਿਦ—(ਵਿ.) ਅਮੋੜ, ਕਹੇ ਵਿਚ ਨਾ ਹੋਣ ਵਾਲਾ

ਬੇਕਹਿਦ ਪੁਣਾ—(ਪੁ.) ਅਮੋੜਪੁਣਾ

ਬੇ ਕਿਆਸਾ—(ਵਿ.) ਜੋ ਕਿਆਂ ਨਾ ਕਰੇ, ਜੋ ਕੀਤੀ ਨਾ ਜਾਣੇ

ਬੇ ਕਿਆਸੀ—(ਵਿ.) ਅਕਿਆਂ, ਕ੍ਰਿਤਘਣਤਾ

ਬੇਕੁਰਬਾ—(ਵਿ.) ਬੇਕਦਰਾ

ਬੇਕੁਰਬੀ—(ਵਿ.) ਬੇਕਦਰੀ

ਬੇਖਪੱਟਣੀ—(ਮੁਹਾ.) ਜੜ੍ਹ ਪੁਟਣੀ

ਬੇਖ ਮਾਰਨੀ—(ਮੁਹਾ.) ਜੜ੍ਹ ਮਾਰਨੀ

ਬੇਗ ਆਉਣਾ (ਅੱਛਣਾ)—(ਮੁਹਾ.) ਵੇਗ ਆਉਣਾ

ਬੇਗਮਰਾਹ—(ਵਿ.) ਲਾਪਰਵਾਹ

ਬੇਗਮਰਾਹੀ—(ਵਿ.) ਲਾਪਰਵਾਹੀ

ਬੇਗਿਆਨਾ—(ਵਿ.) ਬੇਸਮਝ, ਅਕ੍ਰਿਤਘਣ

ਮਨਾ —(ਵਿ.) ਬੇ ਬਰਕਤਾ

ਬੇਮੁਮਨੀ—(ਵਿ.) ਬੇ ਬਰਕਤੀ

ਬੇਜੋਂਕ }
ਬੇਜੋਂਕਾ } (ਵਿ.) ਬੇਜੋਕ

ਬੇਜੋਂਕੀ—(ਵਿ.) ਬੇਜੋਕੀ

ਬੇਡਰਨਾ—(ਕ੍ਰਿ. ਅਕ.) ਬਰੇਡਰਨਾ

ਬੇਥੇਕਾ—(ਵਿ.) ਬੇਇਤਬਾਰਾ

ਬੇਵੇ—(ਵਿ.) ਬੇਬੇ

ਬੇੜਾ ਸੱਖਣ ਜਾਣਾ—(ਮੁਹਾ.) ਬੇੜਾ ਡੁੱਬ ਜਾਣਾ

ਬੇੜਾ ਢਾਂਗ ਲੱਗਣਾ—(ਮੁਹਾ.) ਬੇੜਾ ਬੰਨੇ ਲੱਗਣਾ

ਬੇੜੀ ਬਹੀ ਜਾਣਾ—(ਮੁਹਾ.) ਬੇੜਾ ਬਹਿ ਜਾਣਾ

ਬੇੜੀ ਬੁੱਕਾ—(ਵਿ.) ਬੇੜੀ-ਡੁੱਬਾ

ਬੈਂਸਰੀ—(ਵਿ.) ਬੰਸਰੀ

ਬੈਸਣਾ—(ਕ੍ਰਿ. ਅਕ.) ਬਹਿਣਾ

ਬੈਂਡਰਨਾ—(ਕ੍ਰਿ. ਅਕ.) ਬਰੇਡਰਨਾ

ਬੈਰ—(ਪੁ.) ਬੇਰ

ਬੋ—(ਵਿ.) ਬ੍ਰੋਣ

ਬੋਹਣੀ ਰੰਨ ਬਹਾਨੇ ਨੀ—(ਅਖੌ.) ਬੋਹਣੀ ਰੰਨ ਬਹਾਣੇ ਦੀ

ਬੋਦੀ—(ਵਿ.) ਪਰਾਂਦੀ

ਬੋਂਬੀ—(ਵਿ.) ਬੁੰਬੀ

ਬੋਲੀ ਕੈ ਆਖਣਾ—(ਮੁਹਾ.) ਖੁਲ੍ਹ ਕੇ ਆਖਣਾ

ਬੌਂਵੇ—(ਵਿ.) ਬੋ, ਬ੍ਰੋਣ

ਬੰਤ੍ਰਨਾ (ਲਹਿੰ.)—(ਕ੍ਰਿ. ਸਕ.) ਡੋਬਣਾ

ਭ

ਭੱਸਠ—(ਵਿ.) ਭੰਸ

—ਭੱਸਠ ਬਾਹਣੀ—(ਮੁਹਾ.) ਘਟੀਆ ਕੰਮ ਕਰਨਾ

ਭਖਨੀ ਤੇ ਤੇਲ ਬਾਹਣਾ—(ਮੁਹਾ.) ਭਖਦੀ ਤੇ ਤੇਲ ਪਾਉਣਾ

ਭੱਖਾ—(ਪੁ.) ਬੁਖ਼ਾਰ

ਭਖਾਂ ਭਖਾਂ ਕਰਨਾ—(ਮੁਹਾ.) ਭੱਖ ਭੱਖ ਕਰਨਾ

ਭੰਗਲ—(ਪੁ.) ਪੜਦਾ, ਦਿਖਾਵੇ ਮਾਤਰ ਬਣੀ ਹੋਈ ਚਿੱਤਰ, ਉਹਲਾ, ਬੂਰਾ, ਉੱਨ ਦਾ ਉੱਤੇ ਲੈਣ ਵਾਲਾ ਕਪੜਾ

ਭੱਗਲ ਬਣਾਣਾ—(ਮੁਹਾ.) ਇੱਜ਼ਤ ਬਣਾਉਣਾ

ਭੱਗਲ ਬਣਿਆ ਹੋਇਆ ਹੋਣਾ—(ਮੁਹਾ.) ਇੱਜ਼ਤ ਬਣੀ ਹੋਈ ਹੋਣੀ

ਭੱਗਲ ਲਹਿਣਾ—(ਮੁਹਾ.) ਬੇਇੱਜ਼ਤੀ ਹੋਣੀ

ਭੱਗਲ ਲਾਹੁਣਾ—(ਮੁਹਾ.) ਬੇਇੱਜ਼ਤੀ ਕਰਨੀ

ਭੰਗੂਰ—(ਪੁ. ਬ. ਵ.) ਗਿੱਲੇ ਮੋਠ

ਭੰਚਰ—(ਵਿ. ਪੁ.) ਭੁੱਚਰ

ਭੰਚਰ ਮੇਲ—(ਪੁ.) ਭੁੱਚਰ ਮੇਲ

ਭੰਬਲਣਾ—(ਕ੍ਰਿ. ਅਕ.) ਘਬਰਾਉਣਾ

ਭਛਾਣਾ—(ਕ੍ਰਿ. ਸਕ.) ਭੜਕਾਉਣਾ, ਭੁਜਾਉਣਾ

ਭਛੌਨਾ—(ਵਿ.) ਨਗੂਣਾ

ਭੰਜ—(ਪੁ.) ਰਵਾਜ

ਭੰਜਾਲ—(ਪੁ.) ਹਿੱਸੇਦਾਰ

ਭੰਜਾਲੀ—(ਇ.) ਹਿੱਸੇਦਾਰੀ

ਭਟਾਣਾ—(ਕ੍ਰਿ.ਸਕ.) ਭਿੜਾਉਣਾ

ਭਠੂਰਾ—(ਪੁ.) ਪੀਠੀ ਵਾਲੀ ਪੂਰੀ

ਭੰਡਾ ਭੰਡਾਰੀਆ—(ਪੁ.) ਬੱਚਿਆਂ ਦੀ ਇੱਕ ਖੇਡ

ਭੰਡੀ—(ਇ.) ਬਦੀ, ਨਿੰਦ

ਭੰਡੀ ਖੋਰ
ਭੰਡੀ ਖੋਰਾ } (ਵਿ.) ਨਿੰਦਕ

ਭਣਈ—(ਵਿ.) ਭਣੇਵੀਂ

ਭਣਿਊਂ ਜਵਾਈ—(ਪੁ.) ਭਣੇਵੀਓਂ ਜਵਾਈ

ਭਣਿਊਂ ਨੂੰਹ—(ਇ.) ਭਣੇਵੀਂ ਨੂੰਹ

ਭਣੀਆ—(ਪੁ.) ਭਣਵਈਆ

ਭਣੋਆ—(ਪੁ.) ਭਣੇਵਾਂ

ਭਤਰਿਓਂ ਜਵਾਈ—(ਪੁ.) ਭਤਰੀਊ ਜਵਾਈ

ਭਤਰਿਓਂ ਨੂੰਹ—(ਇ.) ਭਤਰੀਊ ਨੂੰਹ

ਭੰਦਰਾ
ਭੰਦਰੋਂ } (ਪੁ.) ਭਾਦਰੋਂ

ਭੰਨ ਹੋਣੀ—(ਮੁਹਾ.) ਮਾਰ ਕੁਟ ਪੈਣੀ

ਭੰਨ ਲੈਣਾ—(ਮੁਹਾ.) ਰਜ਼ਾਮੰਦ ਕਰ ਲੈਣਾ

ਭਨੀਜਾ—(ਪੁ.) ਭਣੀਆ

ਭੰਨੇ ਘੜੇ ਕਪਾਹ ਬਾਹੁਣੀ—(ਮੁਹਾ.) ਨਿਸਫਲ ਜਤਨ ਕਰਨਾ

ਭਨੇੜਾ—(ਪੁ.) ਰੋੜਾ

ਭੰਬ (ਪਸ਼ੌਰ)
ਭੰਮ } (ਪੁ.) ਭੁਬੱਲ, ਭੂੰਗੱਪ, ਭੁਚਾਲ

ਭੰਦਕੜ—(ਪੁ.) ਭਮੱਕੜ

ਭੰਬੇ—(ਪੁ. ਬ. ਵ.) ਨਾਸ਼ਪਾਤੀ ਵਰਗਾ ਇਕ ਖੱਟਾ ਮਿੱਠਾ ਫਲ

ਭਜਾਲ—(ਪੁ.) ਭਿਆਲ

ਭਜਾਲੀ—(ਵਿ.) ਭਿਆਲੀ

ਭਰਥਾ
ਭਰਥੂ } (ਪੁ.) ਭੜਥਾ

ਭਰਨ ਵਿਸਣ—(ਪੁ.) ਇਕ ਪਰਕਾਰ ਦਾ ਫੋੜਾ

ਭਰਨੀ—(ਇ.) ਅੱਖਾਂ ਵਿਚ ਪਾਉਣ ਵਾਲੀ ਦਵਾਈ ਦੀ ਡੂੰਗੀ

ਭਰਮੰਡਾ—(ਪੁ.) ਭਰਵੱਟਾ

ਭਰਮਰਦਾਨ—(ਵਿ.) ਸਹਿਨਸ਼ੀਲ

ਭਰਾਪਰੀ—(ਇ.) ਭਰਾਵਾਂ ਵਾਲੀ ਸਾਂਝ, ਭਰਾਵਾਂ ਵਾਲੇ ਸਬੰਧ, ਭਰਾਪੁਣਾ, ਭਰਾਗਤੀ

ਭਰਾਵੇਲੀ—(ਇ.) ਭਰਾਪਰੀ

ਭਰੀਜਣਾ—(ਕ੍ਰਿ. ਅਕ.) ਭਰੂਚਣਾ

ਭਰੀਣਾ—(ਕ੍ਰਿ. ਅਕ.) ਭਰਿਆ ਜਾਣਾ

ਭਲ ਖੱਟਣੀ—(ਮੁਹਾ.) ਭਲਾ ਖੱਟਣਾ

ਭਲ ਭਲਾਣਾ—(ਮੁਹਾ.) ਭੁਲੀ ਭੁਲੀ ਕਹਿਣਾ, ਉੱਤੋਂ ਵਾਰੀ ਕਹਿਣਾ

—ਭਲ ਭਲਾਇਆ ਤੇ ਫੱਬਰ ਲੈ ਕੇ ਬੂਹੇ ਆਇਆ—(ਅਖੌ.) ਜਦੋਂ ਕੋਈ ਉਪਰਲੇ ਦਿਲੋਂ ਕੀਤੀ ਹੋਈ ਪੇਸ਼ਕਸ਼ ਨੂੰ ਸਵੀਕਾਰ ਕਰ ਲਵੇ ਤਾਂ ਕਹਿੰਦੇ ਹਨ

ਭਲਤ—(ਵਿ.) ਭੁਲੇਖਾ, ਭੁਲ (ਸਾ. ਕ੍ਰਿ. ਲੱਗਣੀ)

ਭਲਮਣਸਈ
ਭਲਮਣਸਾਈ } (ਇ.) ਭਲੇਮਾਣਸੀ

ਭਲਵਾਂ—(ਪੁ.) ਭੁਲੇਖਾ

ਭਲਿਆਈ ਖੱਟਣੀ—(ਮੁਹਾ.) ਸੋਭਾ ਲੈਣੀ, ਨਾਮਣਾ ਲੈਣਾ, ਵਾਹ ਵਾਹ ਲੈਣੀ

ਭਲੀਉ ਭਲੀ—(ਕ੍ਰਿ. ਵਿ.) ਸਗਰੇ ਹੱਥ, ਸਬੱਬ ਨਾਲ

ਭਲੀਉਂ ਭਲੀ ਪਈ ਹੋਣੀ—(ਮੁਹਾ.) ਇੱਕ ਤੋਂ ਇੱਕ ਚੰਗਾ ਹੋਣਾ

ਭਲੇ ਕੰਮੇ ਨਾ ਕਹਿ ਪੁੱਛਣ—(ਅਖੌ.) ਭਲੇ ਕੰਮ ਦਾ ਕੀ ਪੁੱਛਣਾ

ਭਵਾਂਟਣੀਆਂ ਦੇਣੀਆਂ—(ਮੁਹਾ.) ਭਵਾਟੀਆਂ ਦੇਣੀਆਂ

ਭਵਾਣੀ—(ਇ.) ਭੁਆਂਟਣੀ

ਭੜਕਾਰ
ਭੜਕਾਰਾ } (ਪੁ.) ਭੜੱਕਾ

'ਅੱਗ ਸੰਗੀ ਨੂੰ ਮਾਰ ਜਾ ਫੂਕਾਂ, ਮੜ੍ਹ ਦੇਵੇ ਭੜਕਾਰੇ' (ਸੋਹਲ)

'ਆਤਸ਼ ਭੜਕ ਲੱਗੀ ਸ਼ਾਹਪਾਲੋ, ਜਿਉਂ ਭੜਕਾਰ ਚੌਲਾਂ ਦੇ' (ਸੋਹਲ)

ਭੜਕੀ—(ਇ.) ਭਾਰੀ ਪਿਆਸ
ਭੜਥੇਲਾ—(ਪੁ.) ਭਾਰੇ ਸਰੀਰ ਵਾਲਾ, ਭੜੇਲਾ
ਭੜਥੂ—(ਪੁ.) ਭੜਥਾ
ਭੜਿਆਕ—(ਪੁ.) ਬਹੁਤ ਪਤਲੀ ਦਾਲ
ਭੜਿਆਂਬਾ—(ਪੁ.) ਰੌਰ
ਭੜਿਆਨੀਆਂ—(ਇ. ਬ. ਵ.) ਟੱਡੀਆਂ ਅੱਖੀਆਂ
ਭੜਿਆਨੀਏਂ ਤੱਕਣਾ—(ਮੁਹਾ.) ਆਨੇਂ ਕੱਢਣਾ
ਭੜਿਹੱਟ—(ਇ.) ਪੜਿਹੱਟ
ਭਾ—(ਪੁ.) ਸਬੰਧ ਜਾਂ ਵਾਸਤਾ (ਲਾ. ਕ੍ਰਿ. ਹੋਣਾ)
—ਭਾਏ ਕੀ ਭਾ ਹੋਣੋ—(ਅਖੌ.) ਪਿਆਰ ਨੂੰ ਪਿਆਰ ਹੁੰਦਾ ਹੈ
ਭਾ ਭੁੱਤਾ—(ਪੁ.) ਨਿਰਖ
ਭਾਈਆ—(ਪੁ.) ਜੀਜਾ
ਭਾਈਆਣਾ—(ਪੁ.) ਭਾਈਆਂ ਦਾ ਖ਼ਾਨਦਾਨ ਜਾਂ ਉਸ ਦਾ ਇੱਕ ਬੰਦਾ
ਭਾਈਆਣੇ—(ਪੁ. ਬ. ਵ.) ਭਾਈਆਂ ਦਾ ਖ਼ਾਨਦਾਨ
ਭਾਏ ਨੇ ਭਾ ਦੇਣਾ—(ਕ੍ਰਿ. ਵਿ.) ਭਾ ਦੇ ਭਾ ਚੀਜ਼ ਦੇਣੀ
ਭਾਖ / ਭਾਖ ਦਾਖ—(ਇ.) ਜਾਣ ਪਛਾਣ
ਭਾਂਗੜਾ—(ਪੁ.) ਭੰਗੜਾ
ਭਾਜੀ ਜਾਂਵੀ—(ਇ.) ਭਾਜੀਦਾਰੀ
ਭਾਜੀਉਂ ਜਾਵੀਉਂ ਜਾਣਾ—(ਮੁਹਾ.) ਸ਼ਰੀਕਾਂ ਭਰਾਵਾਂ ਦੀ ਸਾਂਝ ਟੁੱਟਣੀ
ਭਾਂਡਾ ਤੱਕੀ ਕੇ ਖੈਰ ਬਾਹਣਾ—(ਮੁਹਾ.) ਭਾਂਡਾ ਵੇਖ ਕੇ ਖੈਰ ਪਾਉਣਾ
ਭਾਦਰਿਉਂ / ਭਾਦਰਿਹੋਂ—(ਪੁ.) ਭਾਦਰੋਂ
ਭਾਨੀ—(ਇ.) ਭਾਂਜੀ (ਲਾ. ਕ੍ਰਿ. ਮਾਰਨੀ, ਪਾਣੀ)
ਭਾਪਾ—(ਪੁ.) ੧. ਵੱਡਾ ਭਾਈ, ਭਰਾ ੨. ਪਿਉ, ਪਿਤਾ
ਭਾਰ ਪਏ ਮਨਿਆਰੀ ਜਾਂ ਕੁੜੀਆਂ ਆਈਆਂ ਖਾਰੀ—(ਅਖੌ.) ਜਦੋਂ ਗਾਹਕ ਵਧੇਰੇ ਹੋ ਜਾਣ ਤਾਂ ਮਾਲ ਵਾਲਾ ਭਾਰੀ ਤੇ ਪੈ ਜਾਂਦਾ ਹੈ
ਭਾਰਾ ਹੋਈ ਗੱਲਣਾ—(ਮੁਹਾ.) ਭਾਰਾਂ ਤੇ ਪੈਣਾ
ਭਾਰਾ ਗੌਰਾ—(ਵਿ.) ਗਹਿਰ ਗੰਭੀਰ, ਸਹਿਨਸ਼ੀਲ ਤੇ ਸਾਊ (ਇ.) ਭਾਰੀ ਗੌਰੀ
ਭਾਰਾਂ ਤੋਲਾਂ ਨਾਲ—(ਮੁਹਾ.) ਭਾਰਾਂ ਨਾਲ
ਭਾਵ੍ਹੀ—(ਇ.) ਭਾਬੀ
ਭਾੜੀਆ—(ਪੁ.) ਭਾੜੇ ਦਾ ਕੰਮ ਕਰਨ ਵਾਲਾ, ਭਾੜੇ ਦਾ ਟੱਟੂ ਦੇਣ ਵਾਲਾ
ਭਾੜਨ—(ਇ.) ਭਾੜੀਏ ਦੀ ਤੀਵੀਂ
ਭਿਆਣੀ—(ਇ.) ਭਾਈਆਣੀ
ਭਿੱਟ—(ਇ.) ਰੂਸੀ, ਗਿੱਲੀ ਮਿੱਟੀ ਨੂੰ ਦੱਬ ਕੇ ਬਣਾਈ ਚੌਰਸ ਕੱਚੀ ਇੱਟ
ਭਿੱਭ—(ਇ.) ਭੇਭ
ਭਿੰਨਾ—(ਵਿ.) ਭਿੱਜਾ ਹੋਇਆ
ਭੀੜ / ਸੌੜ ਭੀੜ—(ਇ.) ਭੀੜ ਔਖ
ਭੀੜ ਭਾੜ—(ਇ.) ਭੀੜ ਭੜੱਕਾ
ਭੀੜਾ—(ਵਿ.) ਤੰਗ
ਭੁਆਂਟਣੀ—(ਇ.) ਭਵਾਂਟਣੀ
ਭੁੱਸ—(ਪੁ.) ਇਕ ਰੋਗ ਜਿਸ ਕਰ ਕੇ ਸਰੀਰ ਵਿਚੋਂ ਖ਼ੂਨ ਘਟ ਜਾਂਦਾ ਹੈ
ਭੁਸਰਾ—(ਵਿ.) ਭੁਸਲਾ
ਭੁੱਸਾ ਭਕਾਰ—(ਪੁ.) ਘੱਟਾ ਭਕਾਰ
ਭੁਹਾਤਾ—(ਪੁ.) ਭੋਹ (ਤੂੜੀ) ਨੂੰ ਵਧੇਰੇ ਚਿਰ ਲਈ ਸੰਭਾਲ ਕੇ ਰੱਖਣ ਵਾਸਤੇ ਇਕ ਉਚੇਰੀ ਵਿਉਂਤ ਨਾਲ ਬਣਾਇਆ ਤੇ ਉਤੋਂ ਮਿੱਟੀ ਨਾਲ ਲਿੰਬਿਆ ਢੇਰ
ਭੁੱਖ ਭਾਂਸਤੇ ਪਾਂਨੀ ਹੈ—(ਅਖੌ.) ਭੁੱਖ ਨੰਗ ਵਰਤੀ ਹੋਈ ਹੈ
ਭੁੱਖਾ ਜੱਟ ਮੂਲੀ ਖਾਏ, ਮੂਲੀ ਭੁੱਖ ਵਧੇਰੀ ਲਾਏ—(ਅਖੌ.) ਜਦੋਂ ਕੋਈ ਅਜਿਹਾ ਸਾਧਨ ਵਰਤੇ ਜਿਸ ਨਾਲ ਉਸ ਦੇ ਮੰਤਵ ਦੀ ਪਰਾਪਤੀ ਹੋਰ ਵੀ ਦੂਰ ਹੋ ਜਾਏ ਤਾਂ ਕਹਿੰਦੇ ਹਨ
ਭੁੱਖਾ ਭਾਣਾ—(ਵਿ.) ਬਿਲਕੁਲ ਭੁੱਖਾ
ਭੁੱਗਾ—(ਪੁ.) ਭੁੱਗਾ ਪਨ, ਥੋਥਾ ਪਨ
ਭੁੰਗਾ—(ਪੁ.) ਕਪੜੇ ਵਿਚ ਪਈ ਝੋਲ
ਭੁਗਾ—(ਵਿ.) ਥੋਥਾ, ਖੋਖਲਾ
ਭੁਚੱਲ—(ਪੁ.) ਭੁੰਚਾਲ
ਭੁਚੋੜ—(ਮੁਹਾ.) ਵੱਡਾ ਸਾਰਾ ਛਾਲਾ
ਭੁਮਣਾ—(ਪੁ.) ਅੰਨ ਨੂੰ ਲੱਗਣ ਵਾਲਾ ਇੱਕ ਕੀੜਾ
ਭੁਲਵਾਂ—(ਪੁ.) ਭੁਲੇਖਾ
ਭੁਲਾਵ੍ਹੂ ਖੇਰ—(ਪੁ.) ਗਲਘੋਟੂ ਖੇਤ
ਭੁੜ ਭੁੜ ਕਰਨਾ—(ਮੁਹਾ.) ਬੁੜ ਬੁੜ ਕਰਨਾ
ਭੂੜੀ—(ਇ.) ਮਿਹਨਤ, ਮੁਸ਼ੱਕਤ, ਘਾਲ, ਘਾਲਣਾ
—ਭੂੜੀ ਕਬੂਲ ਪੈਣੀ—(ਮੁਹਾ.) ਘਾਲ ਸਫਲ ਹੋਣੀ ਥਾਂ ਪੈਣੀ
ਭੂ—(ਇ.) ਮੁਹਾਠ, ਦਰਵਾਜ਼ੇ ਦੀ ਚੁਗਾਠ ਦੀ ਹੇਠ ਵਾਲੀ ਲਕੜੀ
ਭੁਦੀਐਂ—(ਅਵ.) ਭੁੰਵੇਂ

ਭੁਏਂ—(ਕ੍ਰਿ. ਵਿ.) ਭੂੰਏਂ
ਭੁਏ ਲਹਿਣਾ (ਲਹਿ ਜਾਣਾ)—(ਮੁਹਾ.) ਭੂੰਏ ਲਹਿਣਾ
ਭੁਏਂ ਲਾਹਣਾ—(ਮੁਹਾ.) ਭੁੰਏਂ ਲਾਹੁਣਾ
ਭੂਏ ਲਾਹੀ ਦੇਣਾ—(ਮੁਹਾ.) ਭੁੰਏਂ ਲਾਹ ਦੇਣਾ
ਭੂਹਤ
ਭੂਤ } (ਵਿ.) ਜ਼ਿੱਦੀ, ਅੜੀਅਲ
ਭੂਹਤ ਹੋਣਾ—(ਮੁਹਾ.) ਭੂਤੇ ਹੋਣਾ
ਭੂਹਤ ਕਰਨਾ—(ਮੁਹਾ.) ਭੂਤੇ ਕਰਨਾ
ਭੂਕ—(ਵਿ.) ਇੱਕ ਗਾਹਲ ਹੈ ਜੋ ਤੀਵਿਆਂ ਨੂੰ ਕਰਦੇ ਹਨ
ਭੂਤਾਂ ਨੇ ਮੰਡੂ ਹੋਸੀ ਗੰਢਣਾ—(ਮੁਹਾ.) ਨੂੰ ਤਰੱਕ ਹੋਣਾ
ਭੂਤਿਅਮ—(ਪੁ.) ਭੂਤਪੁਣਾ, ਭੂਤਾਂ ਵਾਲਾ ਸੁਭਾ (ਲਾ, ਕ੍ਰਿ. ਖੇਡਣਾ)
ਭੂਤੀ—(ਵਿ.) ਭੂਤੀ
—ਭੂਤੀ ਕਬੂਲ ਪੈਣੀ—(ਮੁਹਾ.) ਮਿਹਨਤ ਥਰ ਆਉਣੀ
ਭੇਡ ਚਾਲ
ਭੇਡਾ ਚਾਲ } (ਵਿ.) ਇਕ ਦੂਜੇ ਦੀ ਨਕਲ ਕਰਨ ਦੀ ਰੁਚੀ, ਦੂਜੇ ਵਲ ਵੇਖਕੇ ਉਹਰੇ ਵਾਂਗ ਕੰਮ ਕਰਨਾ
ਭੇਣਾ—(ਕ੍ਰਿ.) ਭਿਉਂਣਾ
ਭੇਤ ਲੈਣਾ—(ਮੁਹਾ.) ਦਿਲ ਅੰਦਰਲੀ ਗੱਲ ਜਾਣਨ ਦਾ ਜਤਨ ਕਰਨਾ
ਭੇਰ—(ਵਿ.) ਨਗਾਰਾ, ਧੌਂਸਾ
ਭੈਂਹ—(ਪੁ.) ਭੈਂ
ਭੈਣਾ—(ਕ੍ਰਿ. ਅਕ.) ਭੇਣਾ
ਭੈਣਾ ਭੈਣਾ—(ਕ੍ਰਿ. ਅਕ.) ਭੇਣਾ ਭੇਣਾ
ਭੈੜ ਖੋਆ
ਭੈੜ ਖੋਇਆ } (ਵਿ.) ਭੈੜੀ ਖੋ ਜਾਂ ਆਦਤ ਵਾਲਾ
ਭੈੜਕਾ—(ਵਿ.) ਭੈੜਾ
ਭੈੜਕਾ ਮੇਲ—(ਵਿ.) ਭੈੜਾ ਮੇਲ
ਭੈੜ ਖ਼ਾਬ ਕਰਨੀ—(ਮੁਹਾ.) ਦੁਰਦਸ਼ਾ ਕਰਨੀ
ਭੈੜਾ ਕਛੂਠਾ—(ਵਿ.) ਨੀਵਾਂ, ਨੀਚ, ਕਮੀਨਾ
ਭੈੜੀ—(ਵਿ.) ਬੁਰੀ
ਭੈੜੇ ਭੈੜੇ ਯਾਰ ਭੈੜੀ ਵੰਡੇ ਨੇ—(ਅਖੌ.) ਬੁਰੇ ਦੇ ਬੁਰੇ ਸਾਥੀ ਹੁੰਦੇ ਹਨ
ਭੌਂਹ—(ਪੁ.) ਭੌਹ
ਭੋਹ ਕਰੀ ਦੇਣ—(ਮੁਹਾ.) ਬਹੁਤ ਬੁਰੀ ਤਰਾਂ ਮਾਰਨਾ
ਭੋਹੇ ਨੇ ਭਾ—(ਕ੍ਰਿ. ਵਿ.) ਭੋਹ ਦੇ ਭਾ
ਭੌਹਰਾ—(ਪੁ.) ਤ੍ਰਿੰਜਣ (ਲਾ. ਕ੍ਰਿ. ਪਾਣਾ) 'ਭੌਹਰੇ ਭਤਦੀ, ਹਸਦੀ ਵਤਦੀ, ਖ਼ੁਸ਼ੀਆਂ ਨਾਲ ਗੁਮਾਨਾਂ' (ਸੈਫ਼ੁਲ)
ਭੌਗਣ ਭੌਗਣੇ—(ਮੁਹਾ.) ਭੋਗ ਭੋਗਣੇ, 'ਤੇਰੇ ਪਿੱਛੇ ਸੈਫ਼ ਮਲੂਕੇ ਨੇ ਕੁਝ ਭੋਗਣ ਭੋਗੇਂ' (ਸੈਫ਼ੁਲ)
ਭੋਛਣ—(ਪੁ.) ਦੁਪੱਟਾ
ਭੋਛਣੀ—(ਵਿ.) ਛੋਟਾ ਭੋਛਣ, ਦੁਵੱਟੀ
ਭੋਠਵਾਂ—(ਵਿ.) ਭੁਲਵਾਂ
ਭੋਰੇ—(ਪੁ. ਬ. ਵ.) ਭੂਰੀ
ਭੋੜਾ—(ਪੁ.) ਵੇੜਾ
ਭੋਲੀ—(ਵਿ.) ਭਾਵਣੀ
ਭੌਂਚਲਣਾ—(ਕ੍ਰਿ. ਅਕ.) ਬੌਂਚਲਣਾ
ਭੌਰ ਕਲੀ—(ਵਿ.) ਇਕ ਗਹਿਣੇ ਦਾ ਨਾਂ

ਮ

ਮਛੀ—(ਪੁ.) ਇਕ ਪ੍ਰਕਾਰ ਦਾ ਕਢਾਈ ਵਾਲਾ ਰੰਗਦਾਰ ਰੇਸ਼ਮ
ਮਸਤਿਆਰਾ—(ਪੁ.) ਇਕ ਫੋੜੇ ਤੇ ਖ਼ੂਨ ਸਾਫ਼ ਕਰਨ ਵਾਲੀ ਬੂਟੀ
ਮਸਾਧਾ—(ਪੁ.) ਕੱਪੜ ਦਾ ਲਿੱਟਾ ਜੋ ਮਸ਼ਾਲ ਦੀ ਥਾਂ ਵਰਤਿਆ ਜਾਂਦਾ ਹੈ, ਮਸ਼ਾਲ
ਮਸਿਅੰਸ
ਮਸਿਹੰਸ } (ਵਿ.) ਮਸੋਸ
ਮਹਬਤੀ—(ਵਿ.) ਮੁਹੱਬਤ ਕਰਨ ਵਾਲਾ
ਮਹਾਕ—(ਪੁ.) ਟੱਕਾ
ਮਹਾਲਾ—(ਪੁ.) ਮਹੱਲਾ
ਮਹਿਗਾ—(ਵਿ.) ਮਹਿੰਗਾ
ਮਹਿੰਡ ਤਹਿੰਡ—(ਪੁ.) ਮੇਰ ਤੇਰ
ਮਹਿੰਡਾ—(ਪੜ.) ਮੇਰਾ
ਮਹਿੰਦੀ—(ਵਿ.) ਇਕ ਗਹਿਣਾ
ਮਹਿਲ—(ਪੁ.) ਸੂਬਾ, ਪਸਾਰ
ਮਹੀਂ—(ਪੜ.) ਮਿਧੀ
ਮਹੂਰੀ—(ਵਿ.) ਭੈੜੀ
ਮੰਕ—(ਵਿ.) ਮਕਈ
ਮਕਾਮੀ ਹੋਣਾ—(ਮੁਹਾ.) ਡੇਰਾ ਕਰਨਾ
ਮਕਾਲਾ—(ਪੁ.) ਮੁਕਾਲਾ
ਮਗਜ਼ਾਲੀ—(ਵਿ.) ਮਜ਼ਾਲੀ
ਮੰਗਤ—(ਪੁ.) ਮੰਗਤ
ਮੰਗਤਿਆਂ ਤੀਂ ਮੰਗਣਾ ਲਾਣਤੀਆਂ ਨਾ ਕੰਮ—(ਅਖੌ.) ਗ਼ਰੀਬ ਕੋਲੋਂ ਮੰਗਣ ਦੀ ਨਿੰਦਾ ਵਜੋਂ ਵਰਤਦੇ ਹਨ

ਮੰਗਰ—(ਪੁ.) ਮਗਰ
ਮਗਰਾਂ—(ਵਿ.) ਮੈਂਰ, ਮੈਂਰਾਂ
ਮਗਰਾਈ—(ਵਿ.) ਮਰਗ਼ਾਈ
ਮੰਗਲਾ ਮਾਈ—(ਵਿ.) ਇਕ ਦੇਵੀ ਦਾ ਨਾਂ ਜਿਸ ਦਾ ਅਸਥਾਨ ਜਿਹਲਮ ਦੀ ਤਸੀਲ ਵਿਚ ਹੈ
ਮੰਗਲਾਰ—(ਪੁ.) ਮੰਗਲਵਾਰ
ਮੰਗਲਾਰੀਂ
ਮੰਗਲਾਰੇਂ
ਮੰਗਾਲੇਂ } (ਕ੍ਰਿ. ਵਿ.) ਮੰਗਲਵਾਰ ਨੂੰ
ਮਚਕੁੰਲੀ
ਮਚਕ੍ਰਿੱਲੀ } (ਵਿ.) ਖਿਚਰਿੱਲੀ
ਮਚਕ੍ਰਿਲੀਆਂ ਮਾਰਨੀਆਂ—(ਮੁਹਾ.) ਖਿੱਲੀ ਪਾਉਣਾ
ਮਛੈਦਰ—(ਵਿ.) ਸ਼ਰਾਰਤੀ, ਨਟਖਟ
ਮਛਿੱਟੀ—(ਵਿ.) ਮਨਛਿੱਟੀ
ਮਛੂਆ—(ਪੁ.) ਛੋਟੀ ਕਿਸ਼ਤੀ
ਮਜਮਾਨ—(ਪੁ.) ਮਹਿਮਾਨ
ਮਜਮਾਨੀ—(ਵਿ.) ਮਹਿਮਾਨੀ
ਮਜਮਾਨੀਆਂ ਖਾਣੀਆਂ—(ਮੁਹਾ.) ਮਹਿਮਾਨੀਆਂ ਖਾਣੀਆਂ
ਮਜਲ—(ਵਿ.) ਨਰੋਆ
ਮਜਲੇ (ਜਾਣਾ) ਵੈਣਾ—(ਮੁਹਾ.) ਨਰੋਏ ਜਾਣਾ
ਮੰਜਾਲੀ—(ਵਿ.) ਮਿੱਥ
ਮੰਜੀ ਨਾਲ ਮੰਜੀ ਹੋਈ ਗਸ਼ਣਾ—(ਮੁਹਾ.) ਬਹੁਤ ਕਮਜ਼ੋਰ ਹੋ ਜਾਣਾ
ਮੰਜੀ ਉੱਪਰ ਬਾਹੀ ਡੋਤਨਾ—(ਮੁਹਾ.) ਮੰਜੇ ਤੇ ਪਾ ਛੱਡਣਾ
ਮਜੇਰਾ—(ਪੁ.) ਮੁਜ਼ਾਰਾ
ਮੋਂਝਲ—(ਵਿ.) ਮੱਝਲ
ਮਝਲਾ (ਲਹਿੰ.)—(ਪੁ.) ਤਹਿਮਤ
ਮਝੇਰੂ—(ਪੁ.) ਮਹੀਆਂ
ਮੰਝਣਾ—(ਕ੍ਰਿ. ਸਕ.) ਵੱਖ ਕੇ ਤਰਨਾ
ਮਣਕਤ—(ਵਿ.) ਮਣਾਂ ਦਾ ਤੋਲ, ਮਣਾਂ ਦਾ ਕੁਲ ਵਜ਼ਨ
ਮਣਤਾਰੂ—(ਵਿ.) ਅਣਤਾਰੂ
ਮੱਥੀ ਸੜਿਆ—(ਵਿ.) ਮੱਥਾ ਸੜਿਆ
ਮੱਥਉਂ ਹਿਰਨੀ—(ਮੁਹਾ.) ਮੱਥਉਂ ਹਰਨੀ
ਮਥੁੰਨ—(ਵਿ.) ਥਥੁੰਨ
ਮੰਦਰਾਵਲੀ—(ਵਿ.) ਮੰਧਾਵਲੀ
ਮਧੂਲ
ਮੰਧੂਲ } (ਪੁ.) ਅਧਮੂਲ
ਮੰਧੂਲ ਆਣਨਾ
ਮਧੂਲ ਆਣਨਾ } (ਮੁਹਾ.) ਅਧਮੂਲ ਲਿਆਉਣਾ
ਮੰਧੂਲ ਆਵਣਾ
ਮਧੂਲ ਆਵਣਾ } (ਮੁਹਾ.) ਪੰਗਾ ਅੜਣਾ
ਮੰਧੂਲ ਦੇਣਾ
ਮਧੂਲ ਦੇਣਾ } (ਮੁਹਾ.) ਅਧਮੂਲ ਦੇਣਾ
ਮੰਧੂਲ ਮਚਾਣਾ
ਮਧੂਲ ਮਚਾਣਾ } (ਮੁਹਾ.) ਅਧਮੂਲ ਪਾਉਣਾ
ਮੰਨਿਆ ਤਾਂ ਗਰ ਦੇ, ਨਹੀਂ ਤਾਂ ਕੰਧੀ ਨਾ ਲੈ
ਮੰਨੇ ਤਾਂ ਪਿਉ, ਨਾ ਮੰਨੇ ਤਾਂ ਕੰਧੇ ਨਾ ਲਿਓ } (ਅਖੌ.) ਸਤਕਾਰ ਸਨਮਾਨ ਸਭ ਮੰਨਣ ਨਾਲ ਹੀ ਹੁੰਦਾ ਹੈ ਨਹੀਂ ਤਾਂ ਕੁਝ ਵੀ ਨਹੀਂ
ਮੁੰਥੀ—(ਵਿ.) ਅਫੀਮ (ਚੋਰਾਂ ਦੀ ਬੋਲੀ ਵਿਚ)
ਮਮਾਰਖ (ਲਹਿੰ.)—(ਵਿ.) ਮੁਬਾਰਕ
ਮਮਾਰਖ ਝੱਲਣੀ—(ਮੁਹਾ.) ਮੁਬਾਰਕ ਲੈਣੀ
ਮਰੁਸਾ—(ਪੁ.) ਅਮਰੌਸਾ
ਮਰਜੀ ਰੱਬੇ ਨੀ—(ਵਿ.) ਰੱਬੇ ਨੀ ਮਰਜੀ, ਮਰਜੀ ਰੱਬ ਦੀ
ਮਰਦਾਂ ਨੇ ਮਰਦਾਨ—(ਕ੍ਰਿ. ਵਿ.) ਐਲਾਨੀਆਂ
ਮਰਨ ਮਰੂੰਦੇ—(ਵਿ.) ਮਰਨ ਮਰਾਂਦ
ਮਰੱਥਤ—(ਵਿ.) ਮਰੱਵਤ
ਮਰੱਥਤ ਕਰਨੀ—(ਮੁਹਾ.) ਅਹਿਸਾਨ ਕਰਨਾ
ਮਰੱਥਤੀ (ਵਿ.) ਮੁਰੱਵਤੀ
ਮਰਵਲ—(ਵਿ.) ਮਲਮਲ
ਮਰੂਜ—(ਪੁ.) ਲਾੜਾ
ਮਰੂਾਣਾ—(ਵਿ. ਪੁ.) ਮਹਿੰਰਾਂ ਦੇ ਪਰਵਾਰ ਦਾ
ਮਰਾੜ—(ਪੁ.) ਮੋਇਆ ਹੋਇਆ ਪਸ਼ੂ
ਮਰੀ ਕੈ ਮਿੱਟੀ ਹੋਈ ਗਸ਼ਣਾ—(ਮੁਹਾ.) ਮਰ ਕੇ ਮਿੱਟੀ ਹੋ ਜਾਣਾ
ਮਰੀ ਗਏ ਮਰਦੂਦ ਨਾ ਫਾਤਿਆ ਨਾ ਦਰੂਦ—(ਅਖੌ.) ਜਦੋਂ ਕੋਈ ਕੁੱਤੇ ਦੀ ਮੌਤ ਮਰੇ ਤਾਂ ਕਹਿੰਦੇ ਹਨ
ਮਰੀ ਢਹਿਣਾ
ਮਰੀ ਲਹਿਣਾ } (ਮੁਹਾ.) ਮਰ ਜਹਿਣਾ
ਮਲ—(ਵਿ.) ਕੰਮ ਦਾ ਚਿੱਕੜ, ਭੁੱਲ
ਮਲਤ—(ਵਿ.) ਮਲਿਆ ਦਲਿਆ, ਘਸਿਆ ਹੋਇਆ
ਮਲੱਲੇ 'ਚ ਰੱਖਣਾ—(ਮੁਹਾ.) ਬਕ ਸ਼ੀਸ਼ੇ ਵਿਚ ਰੱਖਣਾ
ਮਲਵਾ—(ਪੁ.) ਮਲਬਾ
ਮਲਾ—(ਵਿ.) ਮਿਲੇ ਦਿਲ ਵਾਲਾ
ਮਲਿਆਰ—(ਪੁ.) ਖਰਾਈਂ

ਮਲਿਆਰੀ—(ਵਿ.) ਬਗ਼ਾਇਦ

—ਭਾਰ ਪਿਆ ਮਲਿਆਰੀ ਕੀ ⎫ (ਅਖੌ.) ਭਾਰ ਪਿਆ ਮਲਿ-
ਚਾਈ ਚਾਈ ਮਾਰੇ ਖਾਰੀ ਕੀ ⎭ ਆਰੀ ਜਾਂ ਚੁੱਕਾਂ ਆਈਆਂ ਖਾਰੀ

ਮਲੀ (ਮੌਲੀ)—(ਵਿ.) ਖ਼ੂਨ ਦੀ ਖ਼ਰਾਬੀ

ਮੱਲੀ—(ਵਿ.) ਆਢਾ

ਮੌਲੀ ਲਾਣੀ—(ਮੁਹਾ.) ਆਢਾ ਲਾਉਣਾ

ਮਲੂਣਾ—(ਵਿ.) ਮੈਲਾ

ਮਲੂੰਣਾ—(ਕ੍ਰਿ. ਸਕ.) ਮਲਣਾ

ਮੜਦ—(ਪੁ.) ਮਰਦ

ਮੜਦਾਨਾ ⎫
ਮੜਦਾਵਾਂ ⎭ (ਵਿ.) ਮਰਦਾਨਾ, ਮਰਦਾਵਾਂ

ਮੜੁੱਨੀ—(ਵਿ.) ਪੜਛੱਤੀ

ਮੜਿੱਲੀ—(ਵਿ.) ਚਰਖੇ ਦੀ ਵਿਚਕਾਰਲੀ ਮੁੰਨੀ

ਮੜੇ—(ਅਵ.) ਖੜੀਏ

ਮੜੂਕ—(ਪੁ.) ਪੰਗਾ

ਮੜੂਕ ਆਵਣਾ—(ਮੁਹਾ.) ਮੂੜ੍ਹਾ ਆਉਣਾ

ਮੜੂਕ ਦੇਣਾ—(ਮੁਹਾ.) ਮੂੜ੍ਹਾ ਦੇਣਾ

ਮੜੂਕ ਲੈਣਾ—(ਮੁਹਾ.) ਪੰਗਾ ਲੈਣਾ

ਮਾ ਜਹੀ ਮਾਸੀ, ਕੰਧ ਕਣੇ ਤੇ ਜਾਸੀ—(ਅਖੌ.) ਭਾਵ ਹਰ ਚੀਜ਼ ਆਪਣੇ ਅਸਲੇ ਤੇ ਜਾਂਦੀ ਹੈ

ਮਾਂ ਮਣਸੇ ਧੀ ਖਾਸੇ, ਘਰੈ ਨੀ ਬਲਾ ਬਾਹਰ ਨਾ ਜਾਸੈ—(ਅਖੌ.) ਅੰਨ੍ਹੇ ਵੰਡੇ ਸ਼ੀਰਨੀਆਂ, ਮੁੜ ਮੁੜ ਆਪਣਿਆਂ

ਮਾਊ ਨੀ ਸੌਕਣ, ਧੀਊ ਨੀ ਸਹੇਲੀ (ਸੈਲੀ)—(ਅਖੌ.) ਮਾਂ ਦੀ ਸੌਂਕਣ, ਧੀ ਦੀ ਸਹੇਲੀ

ਮਾਇਆਂ ⎫
ਮਾਈਂ ⎭ (ਵਿ.) ਮਾਇਆ, ਮਾਵਾਂ

ਮਾਂਹ—(ਅਵ.) ਮੈਨੂੰ

ਮਾਂਹਗਾ—(ਪੁ.) ਮਾਘਾ

ਮਾਹਿਆਂ—(ਪੁ.) ਨੌਂਬ ਭਦੀਤੜੀਆਂ ਆਦਿ ਦੀ ਵਾਲਾਂ ਵਿਚ ਅਟਕਾਉਣ ਵਾਲੀ ਕੁੰਡੀ

ਮਾਂਘਾ—(ਪੁ.) ਮਾਘਾ

ਮਾਜੂੰ—(ਪੁ.) ਮਾਜੂ

ਮਾਝ—(ਵਿ.) ਮਾਂਝ

ਮਾਂਣ—(ਪੁ.) ਭਤੀਰੀਆਂ ਦਾ ਸਮੂਹ ਜੋ ਦਰਿਆ ਰਾਹੀਂ ਠੇਲ ਭੇਜਿਆ ਜਾਂਦਾ ਹੈ

ਮਾਤ੍ਰਾਂ—(ਵਿ.) ਮਾਤਾ (ਚੇਚਕ)

ਮਾਂਦਰੀ—(ਵਿ.) ਬੀਮਾਰੀ, 'ਬਾਹਰ ਬਹਾਨਾ ਮਾਂਦਰੀਆਂ ਦਾ, ਅੰਦਰ ਮਰਜ਼ ਪਿਰਮ ਦੀ' (ਸੋਫ਼ੂਲ) (ਲਾ. ਕ੍ਰਿ. ਕਰਣੀ, ਬਾਜ਼ਣੀ, ਰੇਮਣੀ)

ਮਾਦਰਗਾਹ—(ਵਿ. ਪੁ.) ਇਕ ਗਾਲ੍ਹ

ਮਾਦਰਗਾਹੀ—(ਵਿ.) ਇਕ ਗਾਲ੍ਹ

ਮਾਂਦੜਾ—(ਵਿ.) ਮਾਂਦਾ

ਮਾਨਣੀ—(ਵਿ.) ਮਾਨੀ

ਮਾਂਬਲਾ—(ਪੁ.) ਮਾਮਲਾ

ਮਾਮਕਾ—(ਵਿ.) ਮਾਮੇ ਦਾ

ਮਾਮਕੇ—(ਪੁ.) ਮਾਮੇ ਦਾ ਘਰ, ਮਾਮੇ ਦਾ ਪਿੰਡ

ਮਾਰਿਊਂ ⎫
ਮਾਰਿਆਂ ⎬ (ਕ੍ਰਿ. ਵਿ.) ਮਾਰੇ
ਮਾਰੇਂ ⎭

ਮਾਰੀ ਨਾ—(ਕ੍ਰਿ. ਵਿ.) ਮਾਰੀ ਦਾ

ਮਾਰੂ ਵਤਾਉਂ—(ਪੁ.) ਭੜਥੇ ਵਾਲਾ ਮੋਟਾ ਵੈਂਗਣ

ਮਾਲਾ ਨੇ ਮਣਕੇ ⎫
ਹਾਰ ਸਿੰਬਰਨਾ ⎭ (ਮੁਹਾ.) ਮਾਲਾ ਸਿਮਰਨਾ

ਮਾਵਾਂ—(ਪੁ.) ਮਾਮਾ

ਮਾਵੀਂ—(ਵਿ.) ਮਾਮੀ

ਮਾਝ ਤੂਰਾਤ—(ਵਿ.) ਮੇਰ ਤੇਰ

ਮਾਤਕਾ—(ਵਿ.) ਮਾਤ੍ਰਾ

ਮਾੜਾ—(ਪੜ.) ਮੇਰਾ

ਮਿਆਣਾ—(ਪੁ.) ਸੱਜਦ, ਸੱਜਦ-ਭਾਵਾ

ਮਿੱਸ—(ਵਿ.) ਮਿੱਸਾ ਖਾਣਾ

ਮਿੱਸਾ ਛੋਹ—(ਪੁ.) ਮੂੰਗੀ ਮੋਠ ਆਦਿ ਦੇ ਸੁੱਕੇ ਪੱਤੇ ਅਤੇ ਡੰਡੀਆਂ ਦਾ ਚਾਰਾ

ਮਿਹਰਬਾਨਗੀ ⎫
ਮਿਹਰਵਾਨਗੀ ⎭ (ਵਿ.) ਮਿਹਰਬਾਨੀ

ਮਿਹਰੀਂ ਔਣਾ—(ਮੁਹਾ.) ਮਿਹਰਬਾਨ ਹੋਣਾ

ਮਿੱਕਣਾ—(ਕ੍ਰਿ.ਸਕ.) ਮਿੱਚਣਾ

ਮਿਕੀ ⎫
ਮਿਘੀ ⎬ (ਪੜ.) ਮੈਨੂੰ
ਮਿੰਘੀ ⎭

ਮਿਖ—(ਵਿ.) ਮਿੱਠ

ਮਿਜ਼ਮਾਨ—(ਪੁ.) ਮਹਿਮਾਨ

ਮਿਜ਼ਮਾਨੀ—(ਵਿ.) ਮਹਿਮਾਨੀ

ਮਿਜ਼ਮਾਨੀਆਂ ਖਾਣੀਆਂ—(ਮੁਹਾ.) ਮਹਿਮਾਨੀਆਂ ਖਾਣਾ

ਮਿੰਙ—(ਵਿ.) ਮਿੱਠ

ਮਿਙ ਕੱਢੀ ਭੌਂਤਨੀ—(ਮੁਹਾ.) ਮਿੰਙ ਕੱਢ ਭੌਂਣੀ
ਮਿਟਣਾ—(ਕ੍ਰਿ. ਅਕ.) ਸਿਮਟਣਾ
ਮਿਟਿਆ ਹੋਇਆ—(ਵਿ.) ਧਨ ਹੁੰਦਿਆਂ ਹੈਂਕੜ ਨਾ ਕਰਨ ਵਾਲਾ
ਮਿਟੀ ਕੇ ਖਾਣਾ—(ਮੁਹਾ.) ਆਪਣੀ ਔਕਾਤ ਅਨੁਸਾਰ ਗੁਜ਼ਾਰਾ ਕਰਨਾ
ਮਿਣੀ ਕੇ ਬਹਿਣਾ—(ਮੁਹਾ.) ਨਿਚਲੇ ਹੋ ਕੇ ਬਹਿਣਾ
ਮਿਠਲਾਸ—(ਵਿ.) ਮਿਠਾਸ
ਮਿਠੀ—(ਵਿ.) ਚੁੰਮੀ
ਮਿੱਠੀ ਚੋਣ—(ਵਿ.) ਥੋਹੜੀ ਥੋਹੜੀ ਚੋਰੀ ਕਿ ਪਤਾ ਹੀ ਨਾ ਲੱਗੇ
ਮਿੱਠੀ ਚੋਰੇ ਚੁਕਣਾ—(ਮੁਹਾ.) ਹੌਲੀ ਹੌਲੀ ਇਸ ਤਰਾਂ ਲੁਟਣਾ ਜਾਣਾ ਕਿ ਪਤਾ ਹੀ ਨਾ ਲਗੇ
ਮਿਣਤਰੀ—(ਵਿ.) ਮਿਣਤੀ
ਮਿੰਧਣਾ—(ਕ੍ਰਿ. ਅਕ.) ਮਿੰਧਣਾ
ਮਿੰਨਾ—(ਅਵ.) ਕਾਕਾ, ਮੁੰਡਾ
ਮਿੰਨੀ—(ਵਿ.) ਮਿੰਨਤ
ਮਿੰਨੀਆਂ ਕਰਨੀਆਂ—(ਮੁਹਾ.) ਮਿੰਨਤਾਂ ਕਰਨਾ
ਮਿਲਣਾ ਰਿਟਣਾ—(ਕ੍ਰਿ. ਅਕ.) ਮਿਲਣਾ ਜੁਲਣਾ
ਮਿਲੀ ਛਿੱਟੀ ਕੇ ਵਰਤਣਾ—(ਮੁਹਾ.) ਮਿਲ ਜੁਲ ਕੇ ਰਹਿਣਾ
ਮਿਲਖ ਮੇਲੀ ਆਣਨਾ—(ਮੁਹਾ.) ਮਿਲਖ ਮੇਲ ਲਿਆਉਣਾ
ਮਿਲਤੀ—(ਵਿ.) ਮਿਲਾਪੜਾ
ਮਿੜੇ, ਮਿੜ੍ਹੇ—(ਅਵ.) ਅੜੀਏ
ਮੀਹ, ਮੀਹਕੀ—(ਪੜ.) ਮਿਘੂੰ
ਮੀਹਣਾ—(ਪੁ.) ਮਿਹਣਾ
ਮੀਹਣਾ ਤਾਹਣਾ—(ਪੁ.) ਤਾਹਨਾ ਮੇਹਣਾ
ਮੁਆਹ—(ਵਿ.) ਖੁਲ੍ਹ, ਆਜ਼ਾਦੀ
—ਖੁਲ੍ਹ ਮੁਆਹ—(ਵਿ.) ਪੂਰੀ ਖੁਲ੍ਹ
ਮੁਖਕਿਆਲਾ—(ਵਿ.) ਮੁਖਕ ਵਾਲਾ
ਮੁਸੁਣਾ, ਮੁੱਸੀ ਜਾਣਾ—(ਕ੍ਰਿ. ਅਕ.) ਘੁਸਣਾ, ਘੁੱਸ ਜਾਣਾ
ਮੁਸਣਾ—(ਕ੍ਰਿ. ਸਕ.) ਮੋਹਣਾ, ਮੁੱਠਣਾ, 'ਜੋ ਤੱਕੇ ਸੋ ਉਠ ਨਾ ਸਕੇ, ਹਰ ਇਕ ਦਾ ਦਿਲ ਮੁੱਸੇ' (ਸੈਫੁਲ ਮਲੂ.)
ਮੁਸਲਮਾਨੀਆਂ—(ਵਿ.) ਸੁੰਨਤਾਂ
—ਮੁਸਲਮਾਨੀਆਂ ਬਹਾਣਾ—(ਮੁਹਾ.) ਸੁੰਨਤਾਂ ਕਰਨਾ
ਮੁਸਲਮੌਂਕਾ—(ਵਿ.) ਮੁਸਲੌਂਕਾ
ਮੁਹਰ—(ਵਿ.) ਪਹਿਲ
—ਮੁਹਰ ਮਾਰਨੀ—(ਮੁਹਾ.) ਪਹਿਲ ਕਰਨੀ
ਮੁਹਾਠ ਪੌਤਨੀ—(ਮੁਹਾ.) ਮੁਹਾਠ ਮੌਲਣੀ
ਮੋਹਲਾ—(ਪੁ.) ਇਕ ਪਰਕਾਰ ਦੀ ਫੁਲਵਾੜੀ, ਜਿਸ ਦੀ ਜ਼ਮੀਨ ਚਿੱਟੀ ਹੁੰਦੀ ਹੈ
ਮੁਹਾਣਾ—(ਕ੍ਰਿ. ਸਕ.) ਮੁਹਾਉਣਾ
ਮੁਹਾਂਙਾ—(ਪੁ.) ਮੇਣਾ
ਮੁਹਾਰ—(ਵਿ.) ਕਰਾਇਆ
ਮੁਹਾੜ—(ਪੁ.) ਪਵੰਣ
ਮੁਹਾੜ ਪੈਣਾ—(ਮੁਹਾ.) ਲੋਕਾਂ ਦੀ ਆਵਾਜਾਈ ਹੋਣੀ
ਮੁੱਕ ਆਵਣਾ—(ਮੁਹਾ.) ਮੁੱਕਣ ਤੇ ਆਉਣ
ਮੁਕਲੀ ਗੱਲ, ਮੁਕਲੀ ਗੱਲ—(ਕ੍ਰਿ. ਵਿ.) ਮੁਕਲੀ ਗੱਲ
ਮੁਕਲੇਰਾ—(ਵਿ.) ਮੋਕਲਾ
ਮੁਖਤਾ—(ਵਿ.) ਮੋਕਲਾ
ਮੁਖਤੇ ਨਾ ਮਾਲ, ਮੁਖਤੇ ਨਾ ਮਾਲ—(ਪੁ.) ਮੁਫਤ ਦਾ ਮਾਲ
ਮੁਖਤੇਰਾ—(ਵਿ.) ਮੁਕਲੇਰਾ
ਮੁੰਗਾਂ ਨੀ ਦਾਲ, ਮੁੰਗੀ ਨੀ ਦਾਲ—(ਵਿ.) ਮੁੰਗੀ
ਮੁੱਚ (ਲਹਿੰ.)—(ਕ੍ਰਿ. ਵਿ.) ਬਹੁਤ
ਮੁੱਛਲ ਖ਼ਾਬਾ—(ਪੁ.) ਬਹੁਤ ਹੀ ਪਤਲਾ ਖ਼ਾਬਾ
ਮੰਜਣਾ—(ਕ੍ਰਿ. ਸਕ.) ਭੇਜਣਾ
ਮੁਝਾਖਰਾ (ਪੁ.) ਸਾਝਰਾ
ਮੁਝਾਖੜੇ (ਕ੍ਰਿ. ਵਿ.) ਸਾਹਝਰੇ
ਮੁੱਠ, ਮੁੱਠੀ—(ਵਿ.) ਢਾਗਾ
ਮੁੱਠੀ ਨਾ ਮਾਲ—(ਪੁ.) ਮੁੱਠ ਦਾ ਮਾਲ
ਮੁੰਡ (ਪੁ.) ਲੰਙ
ਮੁੰਡਾ (ਵਿ.) ਲੰਗੜਾ
ਮੁੰਡੀ—(ਵਿ.) ਧੋਣ
ਮੁੰਙ ਕਦੀਮ, ਮੁੰਙ ਕਦੀਂਵ—(ਪੁ.) ਮੁਙ ਕਦੀਮ

ਮੁੰਢਲਾ— (ਵਿ.) ਮੁੱਢਲਾ

ਮੁੰਢਣਾ—(ਪੁ.) ਮੁੱਢਾ

ਮੁੰਞੂ ਮੁੰਞੂ—(ਕ੍ਰਿ. ਵਿ.) ਮੂਧੇ ਮੂਧੇ

ਮੁਣਸ—(ਪੁ.) ਖਾਵੰਦ

ਮੁਣਸ ਕਰ ਵੇਖਣਾ (ਘਿਨਣਾ)—(ਮੁਹਾ.) ਖਸਮ ਕਰ ਲੈਣਾ

ਮੁਣਸ ਖਾਣੀ
ਮੁਣਸ ਖਾਣੀ —(ਵਿ.) ਖਸਮ ਖਾਣੀ (ਗਾਲ੍ਹ)

ਮੁਣਸ ਪਿਟੀ—(ਵਿ.) ਖਸਮ ਪਿੱਟੀ

ਮੁਣਸਖੀ ਬਾਹਣੀ—(ਮੁਹਾ.) ਮੁਨਸਫ਼ੀ ਕਰਨੀ

ਮੁਤਰੱਕ—(ਪੁ.) ਨੁਤਫ਼ਾ

ਮੁਤਰੱਕਾ—(ਵਿ.) ਬੇਵੱਖਾ

ਮੁੱਥਰ ਲੱਗਣਾ
ਮੁੱਥਰ ਲਗੀ ਜਾਣਾ —(ਮੁਹਾ.) ਥੁੱਕ ਲੱਗਣਾ

ਮੁੱਥਰ ਲਾਣਾ
ਮੁੱਥਰਾ ਲਾਈ ਜਾਣਾ —(ਮੁਹਾ.) ਥੁੱਕ ਲਾਉਣਾ

ਮੁਥਾਜਗੀ—(ਵਿ.) ਮੁਥਾਜੀ (ਲਾ. ਕ੍ਰਿ. ਵੱਸਣੀ, ਦੇਖਣੀ)

ਮੁੰਧਣਾ—(ਕ੍ਰਿ. ਅਕ.) ਮੂਧਾ ਹੋ ਜਾਣਾ

ਮੁੰਧਾਣਾ—(ਕ੍ਰਿ. ਸਕ.) ਮੂਧਾ ਕਰਨਾ

ਮੁਨਾਵਣ—(ਵਿ.) ਸਿਰਮੁੰਨੀ

ਮੁਨਾਵਣੀ ਨਾ—(ਵਿ.) ਸਿਰਮੁੰਨੀ ਦਾ

ਮੁਮਣੀ—(ਵਿ.) ਮਮਟੀ

ਮੁਮਾਰਖ (ਲਹਿੰ.)—(ਵਿ.) ਮੁਬਾਰਕ

ਮੁਰਦੇ ਵੰਨੀ—(ਵਿ.) ਮੁਰਦਨੀ

ਮੁਲ ਟੱਕੀ ਬੋਲਣਾ—(ਮੁਹਾ.) ਮੁੱਲ ਦਾ ਹੌਸਲਾ ਕਰਨਾ

ਮੁੱਲਖਈਆ—(ਪੁ.) ਮੁਲਖ

ਮੁਲੰਟਾ—(ਪੁ.) ਮੁੱਲਾਣਾ (ਘਿਰਨਾ ਕਾਲ)

ਮੁੱਲੇ[1]—(ਕ੍ਰਿ. ਵਿ.) ਮੂਲੋਂ

ਮੂਲੋਂ—(ਕ੍ਰਿ. ਵਿ.) ਮੂਲੋਂ

ਮੁੜਕਣਾ—(ਕ੍ਰਿ. ਅਕ.) ਮੁੜਕਣਾ

ਮੁੜਨੀ ਨਾ ਮੋੜ ਹੋਣਾ—(ਮੁਹਾ.) ਮਰ ਕੇ ਬਚਣਾ

ਮੁੜਾ—(ਪੁ.) ਮੁੰਡਾ

ਮੁੜਾ ਖੁੜਾ—(ਪੁ.) ਮੁੰਡਾ ਖੁੰਡਾ

ਮੁੜੀ ਕੇ ਵੱਟੀ ਨਾ ਵਾਹਣੀ—(ਮੁਹਾ.) ਮੁੜ ਕੇ ਵਾਤ ਨਾ ਪੁੱਛਣੀ

ਮੁੜੀ ਘਿੜੀ (ਕੇ)
ਮੁੜੀ ਘੁੜੀ (ਕੇ) —(ਕ੍ਰਿ. ਵਿ.) ਮੁੜ ਘਿੜ ਕੇ

ਮੂੰਹ ਸੁੱਜੀ ਗੱਲਣਾ—(ਮੁਹਾ.) ਮੂੰਹ ਸੁੱਜ ਜਾਣਾ

ਮੂੰਹ ਮੁਜਾਈ ਘਿੰਨਣਾ—(ਮੁਹਾ.) ਮੂੰਹ ਸੁਜਾ ਲੈਣਾ

ਮੂੰਹ ਚਿੱਤ ਲੱਗਣਾ—(ਵਿ.) ਚੰਗੇ ਨਕਸ਼ਾਂ ਵਾਲਾ

ਮੂੰਹ ਜੁਠਿਆਰਨਾ—(ਮੁਹਾ.) ਮੂੰਹ ਜੂਠਾ ਕਰਨਾ

ਮੂੰਹ ਦਰੂਹੀਂ[1]—(ਕ੍ਰਿ. ਵਿ.) ਮੂੰਹ ਦਰ ਮੂੰਹ

ਮੂਣਾ—(ਪੁ.) ਮੁਆਤਾ

—ਮੂਣਾ ਲਾਣਾ—(ਮੁਹਾ.) ਮੁਆਤਾ ਲਾਉਣਾ

ਮੂੜ—(ਪੁ.) ਮੂੜਾ

—ਮੂੜ ਵੇਣਾ—(ਮੁਹਾ.) ਮੂੜਾ ਵੇਣਾ

ਮੂੜੀ—(ਵਿ.) ਮੂਲ, ਰਾਸ, ਪੂੰਜੀ

ਮੇਸਾ—(ਵਿ. ਪੁ.) ਮੋਸਣਾ

ਮੇਝਰ ਪਾਣਾ—(ਮੁਹਾ.) ਘੜਮੱਸ ਪਾਉਣਾ

ਮੇਝਰ ਪੈਣਾ—(ਮੁਹਾ.) ਘੜਮੱਸ ਪੈਣਾ

ਮੇਦ ਪਵਾਣਾ—(ਮੁਹਾ.) ਮਿੱਟ ਮਿਟਾ ਕਰਾਉਣਾ

ਮੇਣ
ਮੇਣਤਰੀ —(ਵਿ.) ਮਿਣਤੀ

ਮੇਣਵਾਂ—(ਵਿ.) ਮਿਣਵਾਂ

ਮੇਲਾ ਮੇਲੀਆਂ ਨਾ, ਪੈਸੇ ਧੇਲੀਆਂ ਨਾ—(ਅਖੌ.) ਮੇਲਾ ਮੇਲੀਆਂ ਦਾ ਪੈਸੇ ਧੇਲੀਆਂ ਦਾ

ਮੈਂਢਾ—(ਪੜ.) ਮੇਰਾ

ਮੈਂਢੇ ਗਲ ਤੈਂਢੇ ਹੱਥ—(ਅਖੌ.) ਗਲ ਮੇਰੀ ਹੱਥ ਤੇਰੇ

ਮੈਂਦੀ—(ਵਿ.) ਮਹਿੰਦੀ

ਮੈਲਟਾ—(ਵਿ.) ਘਸਮੈਲਾ

ਮੈਲਾ ਖਲੋਟ—(ਵਿ.) ਮੈਲਾ ਘੱਸੜ

ਮੋਢਿਆਂ ਤੇ ਹਲ ਵਗਾਣੇ ਆਏ ਨੁ—(ਅਖੌ.) ਮੋਢਿਆਂ ਤੇ ਹਲ ਵਗਾਦੇ ਆਏ

ਮਹੇਟਾ—(ਪੁ.) ਮੁਆਤਾ

ਮੋੜਾ—(ਪੁ.) ਸੁਹਾਗਾ

ਮੋਹਛਾ—(ਪੁ.) ਮੋਢਾ

ਮੋਹਰਲਾ—(ਵਿ.) ਮੂਹਰਲਾ

ਮੋਸ—(ਵਿ.) ਮੋਚ

ਮੋਸਿਆ ਜਾਣਾ—(ਕ੍ਰਿ. ਅਕ.) ਮੋਚ ਆ ਜਾਣਾ

ਮੋਹਰ—(ਵਿ.) ਮੂਹਰ

ਮੋਹਤਾ—(ਪੁ.) ਛੋਟਾ ਜਿਹਾ ਪਿੰਡ

ਮੋਖਣਾ—(ਕ੍ਰਿ. ਸਕ.) ਥਾਮਣਾ

ਮੋਂਗਾ ਫਲੀ—(ਵਿ.) ਮੂੰਗਫਲੀ

ਮੋਂਗਰਾ ਨਿਕਲਣਾ—(ਮੁਹਾ.) ਕਾਂਰ ਨਿਕਲਣਾ

ਮੋਟ-ਬੁੱਧਾ—(ਵਿ.) ਮੋਟੀ ਬੁੱਧ ਵਾਲਾ

ਮੈਮਾਂ ਨਾ ਨੱਕ } (ਪੁ.) ਮੈਮ ਦਾ ਨੱਕ
ਮੈਮੇ ਨਾ ਨੱਕ }

ਮੁੰਕੜ (ਪੁ.) } ਛਣਕ ਮਮੋਲੀ
ਮੁੰਕੜੀ (ਵਿ.) }

ਮੌਤੜੀ—(ਵਿ.) ਮੌਤ

ਮੌਤੜੀ ਮਾਰਿਆ—(ਵਿ.) ਮਰਨ ਜੋਗਾ

ਮੌਤੀ ਕੀ ਅਲੋ ਮਾਰਨਾ—(ਮੁਹਾ.) ਮੌਤ ਨੂੰ ਵਾਜਾਂ ਮਾਰਨੀਆਂ

ਮੌਤੀ ਨੇ ਦਿਨ ਪੂਰੇ ਕਰਨਾ—(ਮੁਹਾ.) ਮੌਤ ਦੇ ਦਿਨ ਗਿਣਨੇ

ਮੂੰਰ—(ਅਵ.) ਭੁਰ ਫਿੱਟੇ ਮੂੰਹ

ਮੌਰ—(ਕ੍ਰਿ. ਵਿ.) ਮਗਰ

ਮੌਰ ਮੌਰ—(ਕ੍ਰਿ. ਵਿ.) ਮਗਰ ਮਗਰ

ਮੌਰਲਾ—(ਵਿ.) ਮਗਰਲਾ

ਮੌਲ ਆਵਣਾ (ਬੱਝਣਾ)—(ਮੁਹਾ.) ਅੰਗੂਰ ਆਉਣਾ

ਯ

ਯਹੂੰ ਯਹੂੰ ਕਰਨਾ—(ਮੁਹਾ.) ਮਿੰਨਤਾਂ ਕਰਨਾ

ਯਹੀ ਮਾਰਨਾ—(ਮੁਹਾ.) ਯਹਿ ਮਾਰਨਾ

ਯੁਭਾਂ ਨਿਕਲ ਆਵਣੀਆਂ—(ਮੁਹਾ.) ਹੜਬਾਂ ਨਿਕਲ ਆਉਣੀਆਂ

ਯਰਬੂਲ—(ਪੁ.) ਯੱਭਲੀ

ਯਰਬੂਲ ਮਾਰਨੇ—(ਮੁਹਾ.) ਯਭਲੀਆਂ ਮਾਰਨੀਆਂ

ਯਾਹਰੀ—(ਵਿ.) ਯਭਲੀ, ਬਥੇਰੀ ਗੱਲ, ਉਪਰਦੜਾ

ਯਾਹਰੀਆ ਮਾਰਨੀਆਂ—(ਮੁਹਾ.) ਯਭਲੀਆਂ ਮਾਰਨੀਆਂ

ਯੁਜਾਤੀ—(ਵਿ.) ਹਯਾਤੀ

ਯੌਰ ਪਿੰਦੀ ਨਾ ਢੂੰਹਕਰ ਸੌਂਵੇ ਨਾ—(ਅਖੌ.) ਜ਼ੋਰ ਪਿੰਦੀ ਦਾ ਢੂੰਕਰ ਸੌਂਦੇ ਦੀ

ਯੌਰ ਕਢਲਾ—(ਮੁਹਾ.) ਚਾਹਵਾ ਜਾਂ ਹੱਕ ਹੋਣਾ, ਪ੍ਰੇਮ ਅਧਿਕਾਰ ਹੋਣਾ

ਯੌਰ ਕਢਾਣਾ—(ਮੁਹਾ.) ਸਾਰਾ ਤ੍ਰਾਣ ਲਾਉਣਾ

ਯੌਰ ਬਾਹਣਾ—(ਮੁਹਾ.) ਜ਼ੋਰ ਪਾਉਣਾ

ਯੌਰੀ—(ਕ੍ਰਿ.ਵਿ.) ਜ਼ੋਰੀ

ਯੌਰੇ—(ਕ੍ਰਿ. ਵਿ.) ਜ਼ੋਰੇ

ਯੌਰੇ ਜ਼ੁਮਾ ਜੀਵੇ ਨਾਲ—(ਅਖੌ.) ਤੂੰ ਰੋਣ ਮੈਂ ਅਹਮਖਾਹ

ਯੌਰੇ ਨੀਆਂ ਦੇਣੀਆ—(ਮੁਹਾ.) ਜ਼ੋਰੇ ਨੀਆਂ ਦੇਣੀਆਂ

ਯੌਰੇ ਯਰਬੀ—(ਕ੍ਰਿ. ਵਿ.) ਜ਼ੋਰੀ ਜਬਰੀ

ਯੌਂਗਈ—(ਵਿ.) ਬੱਚਿਆਂ ਦੀ ਇਕ ਖੇਡ

ਯੌਭ—(ਪੁ.) ਦੌੜ

ਯੌਭ ਸਾੜਨਾ—(ਮੁਹਾ.) ਦੌੜਾਂ ਸਾੜਨੀਆਂ

ਯੌਭ ਦੱਸਣਾ—(ਮੁਹਾ.) ਦੌੜਾਂ ਦਸਣੀਆਂ

ਰ

ਰਸ ਹੋਣਾ—(ਮੁਹਾ.) ਰਾਸ ਹੋਣਾ

ਰਸ ਕਰਨਾ—(ਮੁਹਾ.) ਰਾਸ ਕਰਨਾ

ਰਸਲਾ—(ਵਿ.) ਰਸ ਵਾਲਾ

ਰਸੌ—(ਪੁ.) ਰਾਹਥ, ਪਾਸ

ਰਹੌ } (ਵਿ.) ਸੁਰ (ਰਜਲਾ)
ਰੂੰ }

ਰਹੱਸੂ—(ਵਿ.) ਰਹਾਉ, ਰਹਾ

ਰਹਿ ਵੰਜਣਾ—(ਕ੍ਰਿ., ਸਅ.) ਰਹਿ ਜਾਣਾ

ਰਹਿਤ ਹੋਈ ਜਾਣੀ—(ਮੁਹਾ.) ਰਹਿ ਜਾਣਾ

ਰਹਿਨਾ ਖੂਹਨਾ—(ਵਿ.) ਰਹਿੰਦਾ ਖੂੰਹਦਾ

ਰਹੀ ਜਾਣਾ—(ਮੁਹਾ.) ਰਹਿ ਜਾਣਾ

ਰਹੂਣਾ—(ਕ੍ਰਿ. ਅਕ.) ਰਹਿਣਾ

ਰੱਖ ਸਾਈਂ ਨੀ } (ਅਖੌ.) ਰਖ ਸਾਈਂ ਦੀ
ਰੱਖਾਂ ਸਾਈਂ ਨੀਆਂ }

ਰੱਖ ਰਖਾੜ—(ਵਿ.) ਰੱਖ ਰਖਾ

ਰੱਖੀ ਜਾਗੀ—(ਵਿ.) ਰੱਖੀ ਰਖਾਈ

ਰੰਗ ਰੰਗਾਂ ਨੇ—(ਵਿ.) ਰੰਗ ਰੰਗ ਦੇ

ਰਗਪਿੱਤੀ—(ਵਿ.) ਕਹਿਰ, ਛਪਾਕੀ

ਰਗੜੀ ਕੇ ਧਰੀ ਛੋੜਣਾ } (ਮੁਹਾ.) ਰਗੜ ਦੇਣਾ, ਰਗੜ ਕੇ ਰੱਖ ਦੇਣਾ
ਰਗੜੀ ਕੇ ਰੱਖੀ ਛੋੜਣਾ }

ਰਗਾਹ—(ਵਿ.) ਖਰਗਾਹ

ਰੰਗੀ ਬਸਣਾ—(ਮੁਹਾ.) ਰੰਗਾਂ ਵਿਚ ਹੋਣਾ ਜਾਂ ਵਸਣਾ

ਰਗੋਦਣਾ—(ਕ੍ਰਿ. ਸਕ.) ਰਗੜਨਾ

ਰਘ ਪਿਤੀ—(ਵਿ.) ਰਗਪਿੱਤੀ

ਰੰਚ ਵੰਜਣਾ—(ਮੁਹਾ.) ਫਿੱਟ ਜਾਣਾ

ਰੰਚੜ—(ਵਿ.) ਜੀਚੜ

ਰਚੀ ਜਾਣਾ—(ਮੁਹਾ.) ਦਵਾਲਾ ਕੱਢਣਾ

ਰਚੀ ਮਿਚੀ ਰੱਛਣਾ—(ਮੁਹਾ.) ਰੱਚ ਮਿੱਚ ਜਾਣਾ

ਰੱਛ ਕਾਨ—(ਪੁ.) ਜੁਲਾਹਿਆਂ ਦੇ ਸੰਦ

ਰਜਾ ਬੁਲਾਣੀ—(ਮੁਹਾ.) ਬੁਲਾਉਣਾ, ਅਫ਼ਸੋਸ ਕਰਨ ਜਾਣਾ

ਰੰਜਾਣਾ, (ਲਹਿੰ.)—(ਵਿ.)ਜਿਸ ਨੂੰ ਰੰਜ ਪਹੁੰਚਾ ਹੋਵੇ, ਰੰਜੀਦਾ

ਰੱਟਣ—(ਪੁ.) ਰਟੂੰਣ

ਰੱਡੀ ਛੋੜ—(ਕ੍ਰਿ. ਪ੍ਰ.) ਰੱਡੀ ਛੋੜ, ਰੱਡੀ ਛੱਡਣਾ

ਰੰਡੀਆਂ ਨੇ ਨਾਂ ਬਦਨਾਂ
ਸੁਹਾਗਣਾ ਪੌਦੇ ਗਰਾਂ } (ਅਖੌ.) ਬਦ ਨਾਲੋਂ ਬਦਨਾਮ ਭੈੜਾ

ਰਣੀ ਚੁਣੀ—(ਵਿ.) ਬਸ ਪੂੰ

ਰੱਤ ਚਡੋਲ—(ਵਿ.) ਲਹੂ ਲੁਹਾਨ

ਰਤਵਾਂ—(ਪੁ.) ਪੇਰਬ (ਲਾ. ਕ੍ਰਿ. ਲੱਗਣੇ)

ਰਤੜਾ—(ਵਿ.) ਰੱਤਾ

ਰਤਲਾਣੀ—(ਵਿ.) ਰੱਤਾਪਨ, ਲਾਲੀ

ਰਤਿਆਣੀ —(ਵਿ.) ਰਤਲਾਣੀ

ਰੱਤੂ 'ਚ ਹੌਣਾ—(ਮੁਹਾ.) ਮੂੰਹ ਤੇ ਲਾਲੀਆਂ ਹੋਣਾ

ਰੱਤੂ ਨਹਾਵਣਾ—(ਮੁਹਾ.) ਲਹੂ ਵਿੱਚ ਨਹਾਉਣਾ, 'ਯਾਰ ਯਾਰਾਂ ਦੀ ਰੱਤੂ ਨਹਾਵਣ' (ਸੈਫੁਲ)

ਰੱਤੂ ਨਾ ਵਗਾੜ—(ਪੁ.) ਖੂਨ ਦੀ ਖਰਾਬੀ

ਰਤੌਕਾ—(ਵਿ.) ਰਾਤ ਦਾ, ਰਾਤ ਵਾਲਾ
(ਕ੍ਰਿ. ਵਿ.) ਰਾਤ ਦਾ, 'ਯਾਰ ਰਤੌਕਾ ਨਜ਼ਰ ਨਾ ਆਵੇ ਛਪ ਗਏ ਨੈਣ ਲੁਟੇਰੇ' (ਸੈਫੁਲ)

ਰੰਨ ਜ਼ਨਾਨਾ—(ਵਿ.) ਖੁਸਰਾ

ਰੱਬ ਕੰਡੀ ਹੋਣਾ (ਲਹਿੰ.)—(ਮੁਹਾ.) ਪਿੱਠ ਪਿਛੇ ਰੱਬ ਹੋਣਾ

ਰਬੜ—(ਪੁ.) ਰਬੜ

ਰਬੜੀ—(ਵਿ.) ਰਬੜ ਦਾ ਬਣਿਆ ਹੋਇਆ

ਰੰਬਾਲ—(ਪੁ.) ਰੁਮਾਲ

ਰੰਬਾਲੀ ਚੁੰਨੀ—(ਵਿ.) ਇੱਕ ਪਰਕਾਰ ਦੀ ਚੁੰਨੀ ਜਿਸ ਨੂੰ ਕੇਵਲ ਮੁਸਲਮਾਨ ਤੀਵੀਆਂ ਲੈਂਦੀਆਂ ਹਨ, ਇਹ ਛਪੀ ਹੋਈ ਹੁੰਦੀ ਹੈ

ਰੱਬੇ ਤੇ ਛੱਡਣੀਆਂ—(ਮੁਹਾ.) ਰੱਬ ਆਸਰੇ ਕੰਮ ਕਰਨਾ

ਰੱਬੇ ਨੇ ਹਵਾਲੇ—(ਪੁ.) ਰੱਬ ਦੇ ਹਵਾਲੇ

ਰਮਜ਼ਾਂ ਪੁਣਨਾ—(ਮੁਹਾ.) ਰਮਜ਼ ਸਮਝਣਾ, 'ਜੇ ਸੁਣਸੀ ਤਾਂ ਕਿੱਸਾ ਉਤਲਾ, ਕੋਈ ਨਾ ਰਮਜ਼ਾਂ ਪੁਣਦਾ' (ਸੈਫੁਲ)

ਰਮਾਂਹ—(ਪੁ.) ਰਵਾਂਹ

ਰਮਾਹੀਂ—(ਵਿ.) ਛੋਟੇ ਰਵਾਂਹ

ਰਮਾਨੀ—(ਵਿ.) ਅਰਮਾਨ ਭਰਿਆ

ਰਲਗੱਡਾ—(ਪੁ.) ਰਲੀਆਂ ਮਿਲੀਆਂ ਤੇ ਉੱਘੜ ਦੁੱਘੜੀਆਂ ਚੀਜ਼ਾਂ ਦਾ ਸਮੂਹ ਜਾਂ ਢੇਰ

ਰਲ ਚੁਕਣੀਆਂ—(ਮੁਹਾ.) ਆਪਸ ਵਿਚ ਚੰਗੀ ਤਰ੍ਹਾਂ ਰਲ ਮਿਲ ਜਾਣਾ

ਰਲਾ ਰੰਭਲਾ—(ਪੁ.) ਰਲਾ

ਰਲਾ ਬਾਹੀ ਛੱਡਣਾ—(ਮੁਹਾ.) ਰਲਾ ਪਾ ਛੱਡਣਾ

ਰਲਾ ਰੋਹਲ—(ਪੁ.) ਰਲਾ ਰੋਲ

ਰਲਿਆ ਨਹੀਂ ਮੈਂਢਾ ਤੇ
ਮੁਕਾਲਾ ਹੋਇਆ ਤੈਂਢਾ } (ਅਖੌ.) ਰਲਿਆ ਨਹੀਂ ਮੇਰਾ ਤੇ ਮੁਕਾਲਾ ਹੋਇਆ ਤੇਰਾ

ਰਵਾਂਸ—(ਪੁ.) ਰੀਂ ਰੀਂ (ਬੱਚ ਆਦਿ ਦੀ)

ਰਵਾਂਸ ਪਾਣਾ—(ਮੁਹਾ.) ਰੀਂ ਰੀਂ ਲਾਉਣਾ

ਰਵਾਹੀਂ—(ਵਿ.) ਰਮਾਂਹੀ

ਰਵ੍ਹਾਣੀ—(ਵਿ.) ਹੜਵਾਣੀ

ਰੜਕਾ—(ਪੁ.) ਮੋਟੀਆਂ ਤੀਲੀਆਂ ਦੀ ਬਹੁਕਰ

ਰੜ ਖੋੜ—(ਵਿ.) ਰੋੜਕਾ

ਰੜ੍ਹਨਾ—(ਕ੍ਰਿ. ਅਕ.) ਰਾਹਿਆ ਜਾਣਾ

ਰਾਹ ਕਰਨਾ—(ਮੁਹਾ.) ਨਿਆਂ ਦੀ ਗੱਲ ਕਰਨਾ, ਠੀਕ ਗੱਲ ਕਰਨਾ

ਰਾਹ ਖੁਲ੍ਹੀ ਗੱਛਣਾ—(ਮੁਹਾ.) ਰਾਹ ਖੁਲ੍ਹ ਜਾਣਾ

ਰਾਹ ਗੁਜ਼ਰੂ—(ਪੁ.) ਰਾਹੀ

ਰਾਹ ਮਾਰਨਾ—(ਮੁਹਾ.) ਬੇਪਤਤੀਤੀ ਕਰਾਉਣੀ

ਰਾਹੇ ਜਾਨੀ (ਵੈਨੀ) ਲੜਾਈ ਮੁੱਲ ਘਿਨਣੀ—(ਮੁਹਾ.) ਰਾਹ ਜਾਂਦੀ ਲੜਾਈ ਗਲ ਲੈਣੀ

ਰਾਹੇ ਤੇ ਅੱਛਣਾ—(ਮੁਹਾ.) ਠੀਕ ਰਵੱਯਾ ਅਖ਼ਤਿਆਰ ਕਰਨਾ

ਰਾਖਵੀਂ ਕੰਨੀ—(ਵਿ.) ਖੱਡੀ ਤੇ ਬੁਣੇ ਖੇਸ ਦੀ ਚੋੜੀ ਕੰਨੀ

ਰਾਖੀ ਚੌਖੀ
ਰਾਖੀ ਜਾਗੀ } (ਵਿ.) ਰਾਖੀ

ਰਾਂਗਲਾ—(ਵਿ.) ਰੰਗਲਾ, (ਇ.) ਰਾਂਗਲੀ

ਰਾਜਵਾਂ—(ਵਿ.) ਰੱਜਵਾਂ

ਰਾਜ਼ੂ
ਰਾਜ਼ੂ ਬਾਜ਼ੂ } (ਕ੍ਰਿ. ਵਿ.) ਰਾਜ਼ੀ ਬਾਜ਼ੀ

ਰਾਜ਼ੂ ਨਾਵਾਂ—(ਪੁ.) ਰਾਜ਼ੀ ਨਾਮਾ

ਰਾਤ ਆਈ ਫਾਲੀਏ ਜਹੀ ਆਵੇ ਤਹੀ ਜਾਲੀਏ —(ਅਖੌ.) ਭਾਵ ਔਖਾ ਸਮਾਂ ਜਿਵੇਂ ਕਿਵੇਂ ਕਰ ਕੇ ਗੁਜ਼ਾਰ ਲੈਣਾ ਚਾਹੀਦਾ ਹੈ

ਰਾਤ ਦਿਹਾਂ—(ਕ੍ਰਿ. ਵਿ.) ਦਿਨੇ ਰਾਤੀਂ

ਰਾਮ ਸੰਤ—(ਵਿ.) ਤੀਵੀਆਂ ਦੀ ਇਕ ਦੂਜੀ ਦੇ ਗਲ ਮਿਲਣ ਦੀ ਕਿਰਿਆ

'ਰਾਮ ਨਾ ਲੁਤਫ਼ਾ—(ਪੁ.) ਹਰਾਮ ਦਾ ਨੁਤਫ਼ਾ

'ਰਾਰ—(ਪੁ.) ਉਰਾਰ

ਰਾਰਾ—(ਵਿ.) ਉਰਾਰਲਾ

—ਰਾਰਾ ਪਾਰਾ—(ਵਿ.) ਉਤਾਵਲਾ ਪਾਰਲਾ
ਰਾਰੀਆਂ ਪਾਰੀਆਂ ਮਾਰਨਾ—(ਮੁਹਾ.) ਏਧਰ ਓਧਰ ਚੀਆਂ ਮਾਰਨਾ
ਰਿਜਕੋ ਨੇ ਮੁਹਾਰਾਂ ਚਾਣੀਆਂ—(ਮੁਹਾ.) ਰਿਜ਼ਕ ਉਦਾਸ ਹੋਣਾ
ਰਿਜਕੇ ਆਂ ਲੱਤ ਮਾਰਨੀ—(ਮੁਹਾ.) ਰਿਜ਼ਕ ਨੂੰ ਲੱਤ ਮਾਰਨਾ
ਰਿਜਕੇ ਨੀ ਮਾਰ—(ਵਿ.) ਰਿਜ਼ਕ ਦੀ ਮਾਰ
ਰਿੰਜਰੀ—(ਵਿ.) ਨਾਰਾਜ਼ਗੀ
ਰਿਥ ਭੁੱਖ ਲਾਹਣੀ—(ਮੁਹਾ.) ਰੀਝ ਭੁੱਖ ਲਾਹੁਣਾ
ਰੀਂਹਗੜ—(ਵਿ.) ਰੀਹੜ (ਦੀ ਹੱਡੀ)
ਰੀਂਝ—(ਵਿ.) ਰੀਝ
ਰੀਂਝਣਾ—(ਕ੍ਰਿ. ਅਕ.) ਰੀਝਣਾ
ਰੀਂਦੜ—(ਵਿ.) ਰੋੰਦੜ

ਰੀਤ ਲਗਣੀ
ਰੀਤਾਂ ਲਗਣੀਆਂ } (ਮੁਹਾ.) ਰੀਤਾਂ ਹੋਣੀਆਂ

ਰੁਸਮਤ—(ਪੁ.) ਰੁਸਤਮ
ਰੁਸਮਤੀ—(ਵਿ.) ਰੁਸਤਮੀ
ਰੁੱਭ—(ਵਿ.) ਖੁੱਭ
ਰੂਬਲ—(ਪੁ.) ਕਰਕਾਰਾ, ਅੰਜੀਰ
ਰੂੜ—(ਵਿ.) ਕੁੱਤੇ ਦੇ ਰੋਣ ਦਾ ਭਾਵ
ਰੂੜਾਂ ਕਰਨੀਆਂ—(ਮੁਹਾ.) ਬੁਰੀ ਤਰ੍ਹਾਂ ਰੋਣਾ
ਰੇਖਾਂ—(ਵਿ. ਬ. ਵ.) ਮੇਖਾਂ (ਸੋਨੇ ਦੀਆਂ), ਸੋਨੇ ਦੇ ਕਿੱਲ (ਲਾ. ਕ੍ਰਿ. ਲਵਾਣੀਆਂ, ਲਾਣੀਆਂ)
ਰੇਠੜਾ—(ਪੁ.) ਰੇਠਾ
ਰੇਠੜੇ ਖੇਡਣਾ—(ਮੁਹਾ.) ਰੇਠਿਆਂ ਨਾਲ ਖੇਡਣਾ

ਰੇਤੂ ਨੇ ਰੱਸੇ ਵਟਣੇ
ਰੇਤੂ ਨੀ ਬੰਧ ਉਸਾਰਨੀ } (ਮੁਹਾ.) ਰੇਤ ਦੀ ਕੰਧ ਉਸਾਰਨੀ

ਰੇਵੰਦ—(ਵਿ.) ਰਿਊਂਦ
ਰੈ—(ਵਿ.) ਰਾਇ
ਰੋ ਰੋ ਮੋਈ ਤੇ ਸਾਹਵਰੇ ਵੀ ਨਾ ਗਈ—(ਅਖੌ.) ਰੋ ਰੋ ਮੋਈ ਤੇ ਸਹੁਰੇ ਵੀ ਨਾ ਗਈ
ਰੋਇਆਂ ਈ ਰਿਜਕ ਐ—(ਅਖੌ.) ਕੰਜੂਸੀ ਨਾਲ ਹੀ ਧਨ ਇਕੱਠਾ ਹੁੰਦਾ ਹੈ
ਰੋਹਲ—(ਵਿ.) ਰੌਂਦ (ਲਾ. ਕ੍ਰਿ. ਪਾਣੀ, ਮਾਰਨੀ)
ਰੋਹਲੀ—(ਵਿ.) ਰੌਂਦਲ
ਰੋਹਲੀਆਂ ਨੇ ਰੋਹਲ ਫਬਣੇ—(ਮੁਹਾ.) ਰੋਂਦਿਆਂ ਦੇ ਰੌਂਦ ਪੁਗਣੇ
ਰੋਰੋ ਨੀਆਂ ਏਣੀਆਂ—(ਮੁਹਾ.) ਬਹੁਤ ਗੁੱਸੇ ਹੋਣਾ
ਰੌਂਨਾ—(ਵਿ.) ਇਤਨਾ
ਰੌਂਨਾ ਕ—(ਕ੍ਰਿ. ਵਿ.) ਏਤਨਾ ਕੁ
ਰੌਣਿਆਂ ਨੇ ਰੌਣ ਫਬਣੇ—(ਮੁਹਾ.) ਰੋਂਦਿਆਂ ਦੇ ਰੌਂਦ ਪਗਣੇ
ਰੌਣਾ ਮਾਊ ਨਾ, ਹਸਣਾ ਪਿਊ ਨਾ—(ਅਖੌ.) ਹਸਾਏ ਦਾ ਨਾ ਨਹੀਂ ਤੇ ਰੁਵਾਏ ਦਾ ਉਲਾਂਭਾ

ਲ

ਲੁਮੀ—(ਵਿ.) ਲੱਸੀ (ਕੇਵਲ ਮੁਸਲਮਾਨ ਕਹਿੰਦੇ ਹਨ)
ਲੁਾਈ—(ਵਿ.) ਲੜਾਈ
ਲਹਿਨਾ—(ਪੁ.) ਲਹਿੰਦਾ
ਲਹਿਰ ਅੱਛਣੀ—(ਮੁਹਾ.) ਲਹਿਰ ਉੱਠਣੀ (ਆਉਣੀ)
ਲਹੁਕਾ—(ਵਿ.) ਛੋਟਾ, ਹਲਕਾ
ਲਹੁਕਾ ਹੋਣਾ—(ਮੁਹਾ.) ਹੌਲਾ ਪੈਣਾ
ਲਹੁਕਾ ਕਰਨਾ—(ਮੁਹਾ.) ਹੌਲਿਆਂ ਕਰਨਾ
ਲਹੁਕਾ ਫੁੱਲ—(ਵਿ.) ਹੌਲਾ ਫੁੱਲ
ਲਹੁਕਾ ਲੈਂਦ ਸਵਲੈ ਆ—(ਅਖੌ.) ਥੋੜਾ ਲੈਂਦ ਸਵੇਰੇ ਆ
ਲਹੁਕਿਹੱਤ—(ਵਿ.) ਲਹੁਕਾਪਨ
ਲਹੁੰਚ ਪੱਟਣੀ—(ਮੁਹਾ.) ਰੌਂਦ ਪਾਣੀ, ਰੌਲਾ ਮਾਰਨਾ
ਲਹੂੜ ਪਣਾ—(ਪੁ.) ਮੁੰਡਪੁਣਾ
ਲਹੁਤਾ—(ਪੁ.) ਨੌਂਕਰ

ਲਹੁੜਾ ਖਹੁੜਾ
ਲਹੁੜਾ ਪਹੁੜਾ } (ਵਿ. ਪੁ.) ਮੁੰਡਾ ਖੁੰਡਾ

ਲੱਕ—(ਪੁ.) ਡੰਗ ਕੁੱਤਾ
ਲੱਕ ਤਰੋੜੀ ਛੋੜਣਾ—(ਮੁਹਾ.) ਲੱਕ ਤੋੜ ਛੱਡਣਾ
ਲੱਕ ਬੰਨ੍ਹੀ ਘਿੰਨਣਾ—(ਮੁਹਾ.) ਲੱਕ ਬੰਨ੍ਹ ਲੈਣਾ
ਲਕੱਥ—(ਪੁ.) ਅਮ, ਟੋਕ
ਲੱਕਾ—(ਵਿ.) ਪਤਲੇ ਲੱਕ ਵਾਲਾ
ਲੱਕੀ—(ਵਿ.) ਤਹਿਮਤੀ

ਲੱਕੇ ਨਾ (ਪੁ.) } ਲੱਕ ਦਾ
ਲੱਕੇ ਨੀ (ਵਿ.) } ਲੱਕ ਦੀ

ਲਖ ਲੁੱਟ—(ਵਿ.) ਬਾਹ ਖਰਚ

ਲੱਖਾਂ ਜਹੀ ਹਿੱਕਾ
ਲੱਖਾਂ ਨੀ ਹਿੱਕਾ } (ਵਿ.) ਲੱਖਾਂ ਦੀ ਇਕੋ

ਲੱਖੀ
ਲੱਖੀਆ } (ਵਿ. ਪੁ.) ਲਖ-ਪਤੀ

ਲੰਗ ਲਹਿਣਾ—(ਮੁਹਾ.) ਸ਼ਰਮ ਲਹਿਣੀ

ਲੰਗ ਲੱਥ
ਲੰਗ ਲੱਥਾ } (ਵਿ.) ਬੇਸ਼ਰਮ, ਬੇਹਯਾ, ਨਿਰਲੱਜ

ਲੰਗ ਲਾਵਣਾ—(ਮੁਹਾ.) ਲੀਕ ਲਾਉਣਾ, 'ਬਾਬਲ ਨੂੰ ਬਰਜੰਦੀ ਮੈਨੂੰ ਨਿੱਤ ਪਈ ਲੰਗ ਲਾਂਦੀ' (ਸੈਫੁਲ)

ਲੰਗ ਲੁਕੀਕ—(ਵਿ.) ਲੀਕ

ਲਗਾਤ
ਲਗਾਤ ਬਾਜ਼ੀ } (ਵਿ.) ਲਾਗਤ ਬਾਜ਼ੀ

ਲਗੀਂਦਣਾ—(ਕ੍ਰਿ. ਸਕ.) ਲਗੀਂਦਣਾ

ਲਗੀਂਦਰ—(ਪੁ.) ਲਗੀਂਦਾ

ਲਗੀਂਦਰਾ—(ਪੁ.) ਲਗੀਂਪਰਾ

—ਲਗੀਂਦਰੇ ਲਾਹੀ ਛੇੜਨੇ—(ਮੁਹਾ.) ਲਗੀਂਪਰੇ ਲਾਹੀ ਛੇੜਨੇ

ਲਗੀਂਦਾਈ—(ਵਿ.) ਨੰਗਦਾਈ

ਲਗੀਂਪਰਾ—(ਪੁ.) ਲੰਗਾਰ

—ਲਗੀਂਪਰੇ ਲਾਹੀ ਛੇੜਨੇ—(ਮੁਹਾ.) ਲੰਗਾਰ ਲਾਹ ਛੱਡਣੇ

ਲਗਨੇ ਹੱਥ
ਲਗਨੇ ਹੱਥੀਂ } (ਕ੍ਰਿ. ਵਿ.) ਲਗਦੇ ਹੱਥ

ਲੰਗਰਾ—(ਪੁ.) ਵੱਡੀ ਲੰਗਰੀ

ਲੰਗਰੀ—(ਵਿ.) ਛੋਟੀ, ਕੂੰਡਾ

—ਲੰਗਰੀ ਸੋਟਾ—(ਪੁ.) ਦੌਰੀ ਡੰਡਾ

ਲੰਗੀ-ਕਟਾਰ
ਲੜੀ-ਕਟਾਰ } (ਵਿ.) ਲੰਬੀ ਚੌੜੀ

ਲੰਘਣ ਕੱਟਣੇ—(ਮੁਹਾ.) ਲੰਘਣ ਲੰਘਾਉਣਾ

ਲੰਘਣਾ ਪਲੰਘਣਾ—(ਕ੍ਰਿ. ਵਿ.) ਲੰਘਦਾ ਜਾਂਦਾ

ਲਚਕਾਰ ਨਿਕਲਣਾ
ਲਚਕਾਰ ਨਿਕਲੀ ਜਾਣਾ } (ਮੁਹਾ.) ਚੁੱਕ ਨਿਕਲਣਾ

ਲਚੋਂਟ—(ਵਿ.) ਚਾਟ

ਲਚੋਂਟੀ—(ਵਿ.) ਚਸਕੇ ਲੈਣ ਵਾਲਾ

ਲੱਟ—(ਵਿ.) ਆਵਾਰਾ, ਭੌਂਦੂ

ਲਟਕਣ—(ਪੁ. ਬ. ਵ.) ਝੁਮਕੇ

ਲੱਟਣਾ—(ਕ੍ਰਿ.) ਉਲੱਟਣਾ

ਲੱਟਰ—(ਵਿ.) ਲਟੋਰ

ਲੱਟਰ ਪੁਣਾ—(ਪੁ.) ਲਟੋਰਪੁਣਾ

ਲਟਾਈ—(ਵਿ.) ਉਲਟਾਈ, ਉਲੱਟਣ ਦਾ ਭਾਵ ਜਾਂ ਮਜ਼ੂਰੀ

ਲਟਾਣਾ—(ਕ੍ਰਿ. ਸਕ.) ਉਲਟਾਉਣਾ

ਲਠੁਮ—(ਪੁ.) ਭਤੋਂਮ (ਲਾ. ਕ੍ਰਿ. ਪਾਣਾ, ਪੈਣਾ)

ਲਡਿਆਣਾ—(ਕ੍ਰਿ. ਸਕ.) ਲਡਾਉਣਾ

ਲੱਡੂ—(ਪੁ.) ਲੱਡੂ

ਲਤਿਆੜਨਾ—(ਕ੍ਰਿ. ਸਕ.) ਲਤਾੜਨਾ

ਲੱਤੀ—(ਵਿ.) ਡੋਰ (ਲਾਟੂ ਦੀ)

ਲੱਦੇ ਦਾਂਦੇ ਨਾ ਪੈਰ ਅੱੜਣਾ—(ਮੁਹਾ.) ਜ਼ਿੰਮੇਵਾਰੀ ਸਿਰ ਪੈਣੀ

ਲਧਣਾ—(ਕ੍ਰਿ. ਅਕ. ਤੇ ਸਕ.) ਲੱਭਣਾ

ਲਪਕੂਹਰ ਲਾਣਾ—(ਮੁਹਾ.) ਲੱਪਾਂ ਭਰਨੀਆਂ (ਜੀਭ ਨਾਲ ਚੱਟਣਾ)

ਲਪੜਨਾ—(ਕ੍ਰਿ. ਸਕ.) ਲਪੜਨਾ, ਫੜਨਾ

ਲਪੜਾਈ ਨਾ ਦੇਣੀ—(ਮੁਹਾ.) ਫੜਾਈ ਨਾ ਦੇਣੀ

ਲਪੜਾਣਾ—(ਕ੍ਰਿ. ਸਕ.) ਫੜਾਉਣਾ

ਲਪਾੜਾ—(ਪੁ.) ਘਰ ਦੇ ਨੇੜੇ ਦੀ ਪੈਲੀ

ਲੱਪੀ—(ਵਿ.) ਛੋਟੀ, ਸੀਰਾ

ਲੰਬ ਹੋਣਾ—(ਮੁਹਾ.) ੧. ਤੇਜ਼ ਹੋਣਾ (ਸਾਹ ਦਾ) ੨. ਗੁੱਸੇ ਵਿਚ ਹੋਣਾ

ਲੰਬ ਕਰਨਾ—(ਮੁਹਾ.) ੧. ਤੇਜ਼ ਕਰਨਾ (ਸਾਹ ਦਾ) ੨. ਗੁੱਸਾ ਚੜ੍ਹਾਉਣਾ

ਲਭਤ—(ਵਿ.) ਲਾਭ

ਲੰਭਾ—(ਪੁ.) ਅਲੰਭਾ

ਲਮਕਾਰ—(ਪੁ.) ਲੁਕਾਰ

ਲੰਮਜੀਭਲਾ—(ਵਿ.) ਲੰਮ-ਜੀਭਾ

ਲਮਤ੍ਰੂਹਲ
ਲਮਤ੍ਰੂਹਲਾ } (ਵਿ.) ਲੰਮਤ੍ਰੱਤਰ

ਲੰਮਾ ਬਾਹੀ ਘਿੰਨਣਾ—(ਮੁਹਾ.) ਫੜਕੇ ਢਾਹ ਲੈਣਾ

ਲਮਿਆਰਨਾ—(ਕ੍ਰਿ.) ਲੰਮਾ ਕਰਨਾ

ਲਮਿੱਤਣ—(ਵਿ.) ਲੰਬਾਈ

ਲਮਿਤਣੇਂ—(ਕ੍ਰਿ. ਵਿ.) ਲੰਬਾਈ ਵਿਚ, ਲੰਮੇ ਪਾਸਿਓਂ

ਲਰ—(ਵਿ.) ਚੀਰੀ ਹੋਈ ਇਮਾਰਤੀ ਲਕੜੀ ਦੀ ਲੰਮੀ ਫੱਟੀ

ਲਰਥੇ ਲੰਮਕਣਾ—(ਮੁਹਾ.) ਲੀਰਾਂ ਲਮਕਾਣਾ

ਲਰਥੇ ਲਾਹਣੇ—(ਮੁਹਾ.) ਲੀਰਾਂ ਲੀਰਾਂ ਕਰ ਦੇਣਾ

ਲਰੇ ਸਰੇ ਹੋਣਾ—(ਮੁਹਾ.) ਅਥਾ ਤਥਾ ਬਕੀ ਜਾਣਾ

ਲਲਕਰ—(ਵਿ.) ਲਲਕਾਰ

ਲਲਕਰਨਾ—(ਕ੍ਰਿ. ਅਕ.) ਲਲਕਾਰਨਾ

ਲਲਕਰੀ ਕੈ—(ਕ੍ਰਿ. ਵਿ.) ਲਲਕਾਰ ਕੇ

ਲਲੂਤ—(ਵਿ.) ਲੋਲੂਤ

ਲਲਾਰਨ—(ਵਿ.) ਗਾਰਡ (ਮੁਸਲਮਾਨ ਦੀ ਬੋਲੀ ਵਿਚ)

ਲਵਾਣਾ—(ਕ੍ਰਿ. ਸਕ.) ਪਹਿਨਾਉਣਾ

ਲੜ ਲਪੜਨਾ—(ਮੁਹਾ.) ਪੱਲਾ ਫੜਨਾ

ਲਤ੍ਰਮ—(ਵਿ.) ਲਠੱਮ
ਲਤ੍ਰੀ—(ਵਿ.) ਘੋੜੀ ਦਾ ਵੰਸ਼
ਲਾ—(ਅਵ.) ਲੈ ਕੇ
—ਮੂੰਹੂੰ ਲਾ—(ਅਵ.) ਮੂੰਹੋਂ ਮੂੰਹ, ਮੂੰਹ ਤੋਂ
ਲਾਇਕਦਾਰ—(ਵਿ.) ਲਾਇਕ, ਚਾਤਰਮੰਦ, ਲਾਇਕਦਾਰਾਂ
ਪਾਇਆ ਆਲੀ ਪਾਇਆ' (ਮੈਗੁਲ)
ਲਾਇਕਦਾਰੀ—(ਇ.) ਲਾਇਕੀ
ਲਾਇਰਾ—(ਪੁ.) ਲਵੇਰਾ
ਲਾਇਰੀ—(ਇ.) ਲਵੇਰੀ
ਲਾਈ ਪਾਈ ਕੇ—(ਕ੍ਰਿ. ਵਿ.) ਲਾ ਪਾ ਕੇ, ਲੈ ਦੇ ਕੇ
ਲਾਂਹ—(ਵਿ.) ਲਾਂ
ਲਾਹ ਛੱਡੀ ਲੋਈ ਤੇ ਕੋਹ ਕਰੇਸੀ ਕੋਈ—(ਅਖੌ.) ਜਦ
ਲਾਹੀ ਲੋਈ ਤਾਂ ਕੀ ਕਰੇਗਾ ਕੋਈ
ਲਾਹ ਲਿਆ ਪਲਾਣਾ ਖੋਤੀ ਉਹੋ ਜਹੀ—(ਅਖੌ.) ਜਦੋਂ ਕੋਈ
ਬਣਾਉ ਸ਼ਿੰਗਾਰ ਲਾਹ ਛੱਡੇ ਜਾਂ ਜਦੋਂ ਕਿਸੇ
ਦੇ ਅਧਿਕਾਰ ਖੁਸ ਜਾਣ ਤਾਂ ਕਹਿੰਦੇ ਹਨ
ਲਾਹਦੀ—(ਵਿ. ਵਿ.) ਅਲਹਿਦੀ
ਲਾਂਘ—(ਵਿ.) ਲਾਂਘਾ
ਲਾਂਙਣ—(ਵਿ.) ਲਾਂਗੜ
ਲਾਟੂ—(ਪੁ.) ਲਾਟੂ
ਲਾਟੀ—(ਵਿ.) ਊਠ ਦੀ ਨਕੇਲ ਦੀ ਗੁੰਨੀ
ਲਾਡਿਕਾ—(ਪੁ.) ਲਡਿੱਕਾ
ਲਾਣਾ—(ਕ੍ਰਿ. ਸਕ.) ਪਹਿਨਣਾ
ਲਾਦੀ—(ਵਿ.) ਛੱਤ ਤੇ ਪਾਣ ਵਾਲੀ ਮਿੱਟੀ
ਲਾਦੂ—(ਵਿ.) ਲਾਦੂ
ਲਾਦੂ ਕੱਢਣਾ—(ਮੁਹਾ.) ਲਾਦੂ ਕੱਢਣਾ
ਲਾਂਘ—(ਵਿ.) ਲੱਭਤ
ਲਾਧ ਲਧਣੀ—(ਮੁਹਾ.) ਲੱਭਤ ਲੱਭਣਾ, ਭੇਤ ਪਾਣਾ
ਲਾਪਚਾਰੀਆਂ—(ਵਿ. ਬ. ਵ.) ਖੁਸ਼ਾਮਦਾਂ
ਲਾਪਚਾਰੀਆਂ ਲਾਣੀਆਂ—(ਮੁਹਾ.) ਖੁਸ਼ਾਮਦਾਂ ਕਰਨੀਆਂ
ਲਾਲ ਕਰੀ ਲੈਣਾ—(ਮੁਹਾ.) ਗੱਲ ਮੁਕਾ ਲੈਣੀ
ਲਾਲਾ—(ਪੁ.) ਵੱਡਾ ਭਰਾ (ਮੁਸਲਮਾਨਾਂ ਦੀ ਭਾਸ਼ਾ ਵਿਚ)
ਲਾਂਵ—(ਵਿ.) ਲਾਮ
ਲਾਵਣ—(ਪੁ.) ਲੌਣ ; ਨਾਲ ਦਾ
ਲਿਆਟ
ਲਿਆਟਾ
} (ਪੁ.) ਲੇ (ਰੋਧ ਦਾ), ਲੇਊ
ਲਿੱਸਾ ਲਿਆਂ ਮੰਨਣਾ—(ਮੁਹਾ.) ਵਧੀਕੀ ਜਰ ਗੁਜ਼ਰਨਾ

ਲਿੱਸਾ ਲਿਆਂ ਪਰਤਣਾ—(ਮੁਹਾ.) ਦਾਦ ਨਾ ਮਿਲਣ ਪੁਰ
ਸਬਰ ਸ਼ੁਕਰ ਕਰਨਾ
ਲਿਸੇਰਾ—(ਵਿ.) ਲਿੱਸਾ
ਲਿਹਲ—(ਵਿ.) ੧. ਰਾਲ ੨. ਲਹਿਤ੍ਰ
ਲਿਹਲਾਂ ਵੱਗੀ ਪੈਣੀਆਂ—(ਮੁਹਾ.) ਰਾਲਾਂ ਡਿੱਗਣੀਆਂ
ਲਿਹਲੂ—(ਵਿ.) ਰਾਲੂ
ਲਿਕੜਨਾ—(ਕ੍ਰਿ.ਅਕ.) ਨਿਕਲਣਾ
ਲਿੱਤ—(ਵਿ.) ੧. ਛਿਲਤਰ ੨. ਢੂੰਮ ਟੋਲਾ
ਲਿੱਦ ਰੈੜੀ ਹੋਣੀ—(ਮੁਹਾ.) ਭੂਹੇ ਹੋਣਾ
ਲਿੱਦ ਰੋੜ੍ਹੀ ਕਰਨੀ—(ਮੁਹਾ.) ਭੂਹੇ ਕਰਨਾ, ਸਿਰ ਤੇ
ਚੜ੍ਹਾਉਣਾ
ਲਿੱਦ ਢੂੰਡਣੀ—(ਮੁਹਾ.) ਭੂਹੇ ਹੋਣਾ
ਲਿੱਦ ਢੂੰਡਾਣੀ—(ਮੁਹਾ.) ਭੂਹੇ ਕਰਨਾ
ਲਿੱਦ ਭੂਹੇ ਹੋਣੀ—(ਮੁਹਾ.) ਭੂਹੇ ਹੋਣਾ।
ਲਿੱਦ ਭੂਹੇ ਕਰਨੀ—(ਮੁਹਾ.) ਭੂਹੜੇ ਕਰਨਾ
ਲਿੱਫੀ ਖਾਣੀ
ਲਿੱਫੀ ਮੰਗਣੀ
} (ਮੁਹਾ.) ਖੰਡਾ ਵਿਚ ਲਿੱਫੀ ਬੰਦੂਕ ਦੀ
ਲੋੜ ਹੋਣੀ
ਲਿੱਲਵਾਂ—(ਵਿ.) ਲਿੱਲ (ਲਾ. ਕਿ. ਲੱਗਣੀ)
ਲਿਤਫ—(ਵਿ.) ਲੀਰ
ਲਿਲ੍ਹਤ—(ਵਿ.) ਲੇਲ੍ਹਤ
ਲਿੜ੍ਹੀ ਲਗਾਣਾ—(ਮੁਹਾ.) ਰੁਜ਼ਗਾਰ ਲੱਗਣਾ
ਲੀਆ—(ਪੁ.) ਮਰਜ਼ਾ, ਲਾਲਚ
ਲਾਆ ਲਾਂਬਾ
ਲੀਆ ਲਾਲਚ
} (ਪੁ.) ਲੋਭ ਲਾਲਚ (ਲਾ. ਕ੍ਰਿ. ਹੋਣਾ)
ਲੀਜ ਨਾ ਆਵਣੀ—(ਵਿ.) ਸ਼ਾਂਤ, ਤਸੱਲੀ ਨਾ ਹੋਣੀ, ਪਰਤੀਤ
ਨਾ ਆਉਣੀ
ਲੀਰ ਪਤੀਰ—(ਵਿ.) ਲੀਰ ਕਚੀਰ
ਲੁੱਸਣਾ—(ਕ੍ਰਿ. ਅਕ.) ਲੂਸਣਾ
ਲੁੱਕ—(ਵਿ.) ਕਾਲੇ ਰੰਗ ਦਾ ਚਮੜਾ ਜਿਸ ਦੀਆਂ ਜੁੱਤੀਆਂ
ਬਣਦੀਆਂ ਹਨ
ਲੁਕਾਰ—(ਵਿ.) ਧੁੱਸਾ, ਲੋਈ
ਲੁੱਗਾੜ—(ਵਿ.) ਲੁੱਟਰ
ਲੈੜੀ ਢੂੰ—(ਵਿ.) ਹਵਾਈ
(ਵਿ.) ਲੂਤੀਆਂ ਲਾਵਣ ਵਾਲਾ
ਲੁੱਤ ਘਤੁੱਤ—(ਵਿ.) ਵਾਧੂ ਗੱਲ ਬਾਤ
ਲੁਤਫ਼ਾ—(ਪੁ.) ਨੁਕਤਾ

ਲੂਤੜਾ ਹਰਾਮ—(ਪ.) ਹਰਾਮ ਦਾ ਲੂਤੜਾ

ਲੂਤਰਾ—(ਵਿ.) ਤਿੱਖੀਆਂ ਗੱਲਾਂ ਕਰਨ ਵਾਲਾ, ਸ਼ੋਖ

ਲੂਤਰੀ—(ਵਿ.) ਜੀਭ (ਘਿਰਣਾ ਨਾਲ)

ਲੂਤਰੀ ਕੱਪਣੀ
ਲੂਤਰੀ ਕੱਪ ਛੋੜਣੀ }—(ਮੁਹਾ.) ਜੀਭ ਵੱਢਣੀ

ਲੂਪਰੀ—(ਵਿ.) ਪੁਸਟਸ

ਲੂਪਰੀ ਲਾਹਣੀ—(ਮੁਹਾ.) ਛਿੱਲ ਲਾਹੁਣੀ

ਲੂਤਾਣਾ—(ਕ੍ਰਿ. ਸਕ.) ਲਭਾਉਣਾ

ਲੂ—(ਵਿ.) ਰੂ (ਗਰਮ ਹਵਾ)

ਲੂਈ—(ਵਿ.) ਲੂੰ

ਲੂਣ ਪਾਣੀ ਖਾਣਾ ਤੈ
ਨੇਕੇ ਨੀ ਸੇਧੇ ਜਾਣਾ }—(ਮੁਹਾ.) ਸੰਜਮੀ ਜੀਵਨ ਬਿਤਾਉਣਾ

ਲੂਣਕੀ—(ਵਿ.) ਲੂਣ-ਵਾਲੀ

ਲੂਣ-ਦ੍ਰਾਬਾ—(ਪੁ.) ਖਾਣ ਵਿਚੋਂ ਲੂਣ ਵੱਢਣ ਵਾਲਾ

ਲੂਰ ਲੂਰ ਕਰਨਾ—(ਮੁਹਾ.) ਆਵਾਰਾ ਫਿਰਨਾ

ਲੂੰਹਦੜਾ
ਲੋਂਹਦਾ }—(ਪੁ.) ਲੋਹ, ਅਲੋਹਾ

ਲੇਹਲ—(ਵਿ.) ਲਿਹਲ

ਲੇਤਰਾ—(ਪੁ.) ਲਾਵਾ

ਲੇਂਧਾ
ਲੇਂਧੜਾ }—(ਪੁ.) ਲੋਂਹਦੜਾ, ਲੋਂਹਦਾ

ਲੇਲ—(ਵਿ.) ਲਿਹਲ

—ਲੇਲਾਂ ਵਗਾਣੀਆਂ—(ਮੁਹਾ.) ਰਾਲਾਂ ਵਗਣੀਆਂ

—ਲੇਲਾਂ ਵਗਾਣੀਆਂ—(ਮੁਹਾ.) ਰਾਲਾਂ ਵਗਾਉਣੀਆਂ

ਲੇਲਾ—(ਵਿ. ਬ. ਵ.) ਸਤੂਤ

ਲੋਈ ਲੋਈ—(ਕ੍ਰਿ. ਵਿ.) ਲੋਏ ਲੋਏ, ਚਾਨਣੇ ਚਾਨਣੇ

ਲੋਹਕਾ—(ਵਿ.) ਲਹੁਕਾ

ਲੋਹਕਾ ਢੁਲ—(ਵਿ.) ਲਹੁਕਾ ਢੁੱਲ

ਲੋਹਣਾ—(ਕ੍ਰਿ. ਅਕ.) ਟੇਕਣਾ, ਸਿੱਕਣਾ

—ਲੋਹ ਲੋਹ ਕੇ
—ਲੋਹੀ ਲੋਹੀ ਕੇ }—(ਕ੍ਰਿ. ਵਿ.) ਸਿੱਕਾਂ ਸਿੱਕ ਸਿੱਕ ਕੇ

ਲੋਹਲਚ—(ਪੁ.) ਚੋਹਲ, ਚੋਰ

ਲੋਹੇ ਨਾ ਬਣ—(ਵਿ.) ਕੁਝ ਨਾ ਦੇਣ ਵਾਲਾ

ਲੋਕੋ ਅੱਗੇ ਜਾਤਕੋਂ (ਮੁੰਤ੍ਰਿਉ) ਪਿਛੇ—(ਅਖੌ.) ਜਦ ਕੋਈ ਆਪਣੇ ਸਕਿਆਂ ਨੂੰ ਵਰਜ ਕੇ ਦੱਖੇ ਤੇ ਬਿਗਾਨਿਆਂ ਨੂੰ ਸੌਖ ਵਿਚ ਪਾਏ ਤਾਂ ਕਹਿੰਦੇ ਹਨ

ਲੌਹਕਾ—(ਵਿ.) ਹੌਲਾ, ਹਲਕਾ

ਲੌਹਕਾ ਫੁੱਲ—(ਵਿ.) ਹੌਲਾ ਫੁੱਲ

ਵ

ਵਈ—(ਅਵ.) ਭਈ

ਵਸ਼ਕਾਰ—(ਵਿ.) ਵਿਚਕਾਰ

ਵਸ਼ਕਾਰਲਾ—(ਵਿ.) ਵਿਚਕਾਰਲਾ

ਵਸ਼ਕਾਰਾ—(ਵਿ.) ਵਿਚਕਾਰਲਾ

ਵੱਸਾ—(ਕ੍ਰਿ. ਵਿ.) ਵਸ ਵਿਚ, 'ਜੇ ਕੁਝ ਸਾਡੇ ਵੱਸਾ, ਹੋਸੀ ਵੀਨ ਵੀਮਾਨੇਂ' (ਸੈਫੁਲ)

ਵਸਾਹ—(ਪੁ.) ਉਹ ਪੰਛੀ ਜਿਸ ਵਿਚ ਕਣਕ ਬੀਜਣੀ ਹੋਵੇ

ਵਸਾਹਣਾ—(ਕ੍ਰਿ. ਸਕ.) ਵਸਾਹ ਦੇਣਾ

ਵਸਾਹੀ ਕੇ—(ਕ੍ਰਿ. ਵਿ.) ਵਸਾਹ ਕੇ

ਵਸਾਹੀ ਕੇ ਮਾਰਨਾ—(ਮੁਹਾ.) ਵਸਾਹ ਕੇ ਮਾਰਨਾ

ਵਸਾਹ ਦਈ ਕੇ ਮਾਰਨਾ—(ਮੁਹਾ.) ਵਸਾਹ ਦੇ ਕੇ ਮਾਰਨਾ

ਵਸਾਖੀ—(ਵਿ.) ਵਸਾਖੀ ਦਾ ਦੋਲ

ਵੱਸੀਂ ਵੱਸੀਂ—(ਕ੍ਰਿ. ਵਿ.) ਵੱਸ ਲੱਗਦੇ

ਵਸੂੰਗਰਾ—(ਪੁ.) ਵਿਸੂਰਾ

ਵਸੂੰਗਰਾ ਪਾਈ ਬਹਿਣਾ—(ਮੁਹਾ.) ਵਿਸੂਰਾ ਪਾ ਬਹਿਣਾ, ਝਮੂਰੀ ਪਾਉਣਾ

ਵੱਸੇਂ—(ਕ੍ਰਿ. ਵਿ.) ਵੱਸ ਲੱਗਦੇ

ਵੱਸੇਂ ਵੱਸੇਂ—(ਕ੍ਰਿ. ਵਿ.) ਵੱਸੀਂ ਵੱਸੀਂ

ਵਸੋਸ—(ਪੁ.) ਅਫਸੋਸ

ਵਸੋਸਿਆ
ਵਸੋਸੀ }—(ਵਿ.) ਅਫਸੋਸ ਵਾਲਾ

ਵਹਿਤਰ—(ਪੁ.) ਪਸ਼ੂ

ਵਹਿਤਰ ਪੂਣਾ—(ਪੁ.) ਪਸ਼ੂਪਨ

ਵਹਿਲਾ ਵਗਨਾ
ਵਹਿਨਿਆਂ ਵਗਨਿਆਂ }—(ਕ੍ਰਿ. ਵਿ.) ਵਗਦਾ ਵਹਿੰਦਾ, ਵਹਿੰਦਿਆਂ ਵਗਦਿਆਂ

ਵਹਿਲ—(ਵਿ.) ਛੇਤੀ

—ਵਿਰੌਂ ਵਹਿਲ ਕਰਨੀ—(ਮੁਹਾ.) ਸਮੇਂ ਤੋਂ ਪਹਿਲਾਂ ਹੀ ਕੰਮ ਵਿਗਾੜ ਦੇਣਾ

ਵਹਿਲਾ—(ਕ੍ਰਿ. ਵਿ.) ਛੇਤੀ ਸ਼ਥਵੇ, ਝਟ ਪਟ, ਫੋਰਨ (ਵਿ.) ਉਤਾਵਲਾ, ਕਾਹਲਾ

ਵਹਿਲਾ ਵਹਿਲਾ }
ਵਹਿਲੇ ਵਹਿਲੇ } (ਕ੍ਰਿ. ਵਿ.) ਜਲਦੀ ਜਲਦੀ, ਛੇਤੀ ਛੇਤੀ

ਵਹੂਸ਼—(ਵਿ. ਪੁ.) ਵਹੂੰਸ

ਵਹੇ }
ਵ੍ਹੇ } (ਅਵ.) ੧. ਹੈ ੨. ਹੋਵੇ

ਵਖਤਾ—(ਪੁ.) ਵਖਤ (ਲਾ. ਕ੍ਰਿ. ਪਾਣਾ, ਪੈਣਾ)

ਵਖਤੇ ਕੀ ਦਗ਼ਾ ਦੇਣਾ }
ਵਖਤੇ ਕੀ ਧੱਕਾ ਦੇਣਾ } (ਮੁਹਾ.) ਵਕਤ ਨੂੰ ਧੱਕਾ ਦੇਣਾ

ਵਖਤੇ ਕੀ ਧੌੜਿਆ ਜਾਣਾ—(ਮੁਹਾ.) ਵਖਤ ਨੂੰ ਫੜਿਆ ਜਾਣਾ

ਵਖਤੇ ਔਗੋ ਆਵਣਾ—(ਮੁਹਾ.) ਵਖਤ ਔਗੇ ਆਉਣਾ, ਬਿਪਤਾ ਵਿਚ ਪੈ ਜਾਣਾ

ਵਖਤੇ ਮਾਰਿਆ—(ਵਿ.) ਵਖਤਾਂ ਮਾਰਿਆ

ਵਖਰਿਆਣਾ—(ਕ੍ਰਿ. ਸਕ.) ਵਖਰਾ ਕਰਨਾ

ਵੱਖੀਪਾੜ—(ਵਿ.) ਅਜਬ

ਵਖੇਵਾਂ—(ਪੁ.) ਵਖਰੇਵਾਂ

ਵਗਨਾ ਵਹਿਨਾ }
ਵਗਨਿਆਂ ਵਹਿਨਿਆਂ } (ਕ੍ਰਿ. ਵਿ.) ਵਹਿਣਾ ਵਗਣਾ

ਵਗਲਣਾ—(ਕ੍ਰਿ. ਸਕ.) ਵਲਗਣਾ, ਘਗਲਣਾ

ਵਗਲਾ ਵਹਿੰਨ—(ਕ੍ਰਿ. ਵਿ.) ਵਗਦਾ ਵਹਿੰਦਾ

ਵਗਾਣਾ—(ਕ੍ਰਿ. ਸਕ.) ਤੋਰਨਾ, ਭੇਜਣਾ, ਰਵਾਨਾ ਕਰਨਾ, 'ਏ ਖੁਬ ਖ਼ਬਰ ਵਜ਼ੀਰੇ ਕਾਸਦ, ਆਸਮ ਤਰਫ ਵਗਾਏ' (ਸੈਫੁਲ)

ਵੰਗਾਰ—(ਵਿ.) ਵਗਾਰ

ਵਗਿਆਰ—(ਵਿ.) ਵਗਾਰ

ਵੰਗਿਆਰਾ—(ਪੁ.) ਚੂੜੀਗਰ

ਵਗੀ ਜਾਣਾ—(ਮੁਹਾ.) ਵਗ ਜਾਣਾ

ਵਚਵਾਲ—(ਪੁ.) ਵੇਚਣ ਵਾਲਾ

ਵਛੀਕਣਾ—(ਕ੍ਰਿ. ਸਕ.) ਮੁੜਕਣਾ

ਵੰਜਣਾ—(ਕ੍ਰਿ. ਅਕ.) ਜਾਣਾ

ਵਜਾਹ—(ਪੁ.) ਵਿਜਾਹ

ਵਜੀ ਵਜਾਈ ਕੇ—(ਕ੍ਰਿ. ਵਿ.) ਵੱਜ ਵੱਜਾ ਕੇ

ਵੰਜਾਣਾ (ਲਹਿੰ.)—(ਕ੍ਰਿ. ਸਕ.) ਗੁਆਉਣਾ

ਵੰਜਾਪ—(ਪੁ.) ਵਿਰਲਾਪ, 'ਕਰੇ ਵੰਜਾਪ ਮਿਲਾਪ ਸਜਣ ਦ, ਉੱਚੀ ਸੱਦ ਸੁਣਾਵੇ' (ਸੈਫੁਲ)

ਵੰਜਾਪਣਾ—(ਕ੍ਰਿ. ਅਕ.) ਵੰਜੀਵਣਾ

ਵਜੀਂਹਦੜ—(ਵਿ.) ਵਿਆਂਹਦੜ

ਵਟਾਵਾਂ—(ਵਿ.) ਵੱਟਵਾਂ

ਵੱਟੀ ਨਾ ਵਾਹਣੀ—(ਮੁਹਾ.) ਵੱਟੀ ਨਾ ਪਹੁੰਚਣੀ

ਵਡਮਾਂ—(ਵਿ.) ਵੱਡੀ ਮਾਂ (ਵਿਅੰਗ ਨਾਲ)

ਵਡਿਅਤ—(ਪੁ.) ਵਡਿਆਈ, ਵਡੱਪਣ

ਵਡਿਕਾ—(ਵਿ. ਪੁ.) ਵਡਕਾ

ਵਡੀਰਨਾ—(ਕ੍ਰਿ. ਸਕ.) ਵਡਿਆਉਣਾ

ਵੰਡੀਜਣਾ }
ਵੰਡੀਨਾ } (ਲਹਿੰ.) (ਕ੍ਰਿ. ਸਕ.) ਵੰਡਿਆ ਜਾਣਾ

ਵੰਡੇ ਨਾ—(ਵਿ.) ਵੰਡੇ ਦਾ

ਵੰਦ ਖਾਇਆ—(ਵਿ.) ਵੰਦ ਖਾਣਾ

ਵਣਛਿੱਟੀ—(ਵਿ.) ਮਲਛਿੱਟੀ, ਮਣਛਿੱਟੀ

ਵਣਾਂ ਵਣਾਂ ਨਾ ਕਾਠ (ਪੁ.) }
ਵਣਾਂ ਵਣਾਂ ਨੀ ਲਕੜੀ (ਵਿ.) } ਵਣ ਵਣ ਦੀ ਲਕੜੀ
ਵਣੇ ਵਣੇ ਨਾ ਕਾਠ (ਪੁ.) }

ਵਤ—(ਕ੍ਰਿ. ਵਿ.) ਫੇਰ

ਵਤਰੇਰਾ—(ਪੁ.) ਮੁਕਲਾਵਾ

ਵੱਤਰ—(ਪੁ.) ਨਮੀ

ਵੱਤਰ ਆਈ ਕੀ ਵਾਹਣਾ—(ਮੁਹਾ.) ਮੁਆਫ਼ਕ ਹਾਲਾਤ ਨੂੰ ਵਰਤਣਾ

ਵੱਤਰ ਲਗੀ ਜਾਣਾ—(ਮੁਹਾ.) ਖੁਰ ਲੱਗ ਜਾਣਾ

ਵੱਤਰ ਲਾਈ ਜਾਣਾ—(ਮੁਹਾ.) ਖੁਰ ਲਾ ਜਾਣਾ

ਵਤਰੀਹ }
ਵਤ੍ਰੀਹ } (ਵਿ.) ਬੱਤੀ ਦੰਦਾਂ ਦੀ

ਵਦ—(ਵਿ.) ਸੁੰਡਾ

ਵਦ ਚੜ੍ਹਨੀ—(ਮੁਹਾ.) ਸੁੰਡਾ ਚੜ੍ਹਨਾ

ਵਧੰਤ—(ਪੁ.) ਵਧਾਣ

ਵਧਾਰਾ—(ਪੁ.) ਵਧਾਉ

ਵਧੀਕੁ—(ਵਿ.) ਵਧੀਕ

ਵਨ ਵਨਾਂ ਨਾ—(ਵਿ.) ਵੰਨ ਵੰਨ ਦਾ

ਵੰਨੀਆਂ ਨਾ (ਪੱਟ)—(ਪੁ.) ਵੰਨ ਵੰਨ ਦਾ (ਰੇਸ਼ਮ)

ਵਫ਼ਾਈ—(ਵਿ.) ਵਫ਼ਾਦਾਰ, 'ਬੇ-ਵਫ਼ਾਈ ਕੰਮ ਤੁਹਾਡਾ, ਪਰੀਆਂ ਲੋਕ ਵਫ਼ਾਈ' (ਸੈਫੁਲ)

ਵਰ ਸਰ ਆਵਣਾ—(ਮੁਹਾ.) ਪੂਰੀ ਪੈਣੀ, ਵਾਰੇ ਸਾਰੇ ਆਉਣਾ

ਵਰਗ—(ਪੁ.) ਇਕ ਪਰਕਾਰ ਦੀ ਫੁਲਕਾਰੀ

ਵਰਗਾ—(ਪੁ.) ਥਾਲਾ

ਵਰਤੰਬ—(ਪੁ.) ਵਰਤਾਰਾ, 'ਜਿਉਂ ਜਿਉਂ ਦੁਨੀਆਂ ਤੇ ਉਹ ਵਰਤੇ ਸੋ ਵਰਤੰਬ ਭੁਲੇਰੇ' (ਸੈਫੁਲ ਮਲੂ.)

ਵਰਾ ਸੂਹੀ—(ਵਿ.) ਵਰੀ ਸੂਹੀ

ਵਰਿਹਾਂ ਬੱਧੀ—(ਕ੍ਰਿ. ਵਿ.) ਸਾਲਾਂ ਤੀਕ

ਵਰਿਹਾਲ—(ਵਿ.) ਵਾਹੀ ਹੋਈ ਜ਼ਮੀਨ

ਵਰੂਨ—(ਵਿ.) ਨਿਰਾਲਾ, ਨਿਆਰਾ, ਅਨੋਖਾ

ਵਰੀ—(ਵਿ.) ਟਿੰਡਾਂ ਬੰਨ੍ਹਣ ਵਾਲੀ ਰੱਸੀ

ਵਰ੍ਹੀ—(ਵਿ.) ਵੀਹੂਆਂ ਨਾਲ ਸਬੰਧ ਰੱਖਣ ਵਾਲੀ ਜਿਵੇਂ ਚੁਵਰ੍ਹੀ
ਚੁਵਰ੍ਹੀ

ਵਰੀ—(ਵਿ.) ਵਿੜ੍ਹੀ, ਖਿੜੀ (ਨਾ. ਕ੍ਰਿ. ਚਾੜ੍ਹਨੀ, ਲਾਹੁਣੀ)

ਵਰੀ ਨੀ ਵਰੀ, ਚੋਟੀ ਨਾ ਖਰੀ—(ਅਖੌ.) ਜਦ ਕੋਈ ਆਪਣੀ
ਵਾਰੀ ਦੀ ਵਾਹੀ ਲਾਹ ਲਵੇ ਤੇ ਅਗਲੇ ਦਾ ਘਰ
ਪੂਰਾ ਕਰ ਦੇਵੇ ਤਾਂ ਕਹਿੰਦੇ ਹਨ

ਵਰ੍ਹੇਸ—(ਵਿ.) ਵਰ੍ਹੇਸ (ਨਾ. ਕ੍ਰਿ. ਲੱਗਣੀ)

ਵਲ—(ਵਿ.) ਠੀਕ

ਵਲ੍ਹ—(ਵਿ.) ਵਧ (ਨਾ. ਕ੍ਰਿ. ਚੜ੍ਹਨੀ)

ਵਲੇਸ—(ਪੁ.) ਵਲਿਔਸ

ਵਲੰਗਣਾ—(ਪੁ.) ਟੰਗਣਾ

ਵਲਟੋਹਾ—(ਪੁ.) ਪੈਰਾਂ ਦੀ ਤਲੀ ਹੇਠ ਉਠਿਆ ਛਾਲਾ

ਵਲਿਔਸ—(ਪੁ.) ਵਲੇਸ

—ਜੁੱਤੀ ਕੀ ਵਲਿਔਸ ਦੇਣਾ—(ਮੁਹਾ.) ਜੁੱਤ ਮਰੋੜਨੀ

ਵਲਿੰਗਣਾ—(ਕ੍ਰਿ. ਸਕ.) ਵਲੰਗਣਾ, ਬਰਛੰਣਾ

ਵਲੇ ਨਾਲ—(ਕ੍ਰਿ. ਵਿ.) ਹੌਲੀ ਜਹੀ

ਵਲੇ ਵਲੇ
ਵਲੇਂ ਵਲੇਂ } (ਕ੍ਰਿ. ਵਿ.) ਹੌਲੀ ਹੌਲੀ

ਵਲੇਵਾ—(ਪੁ.) ਸਾਮਾਨ

ਵਲੇਵਾ ਕਰਨਾ—(ਮੁਹਾ.) ਝਟ ਟਪਾਉਣਾ

ਵੜਨਾ—(ਪੁ.) ਪਹਿਲੀ ਵੇਰ ਕੁੜਮਾਂ ਦੇ ਘਰ ਜਾਣ ਦੀ ਰਸਮ

ਵੜ੍ਹਾ—(ਵਿ.) ਵੱਡਾ

ਵ੍ਹਾਂ—(ਵਿ.) ਹਵਾਈ

ਵਾਊ ਕੀ ਡੌਂਕਣਾ—(ਮੁਹਾ.) ਹਵਾ ਨੂੰ ਭੌਂਕਣਾ

ਵਾਊ ਵਾਰ ਨਾ ਤਕਣਾ—(ਮੁਹਾ.) ਦੀ ਵਲ ਨਾ ਵੇਖਣਾ

ਵਾਊ ਨਾਲ ਗੱਲਾਂ ਕਰਨੀਆਂ—(ਮੁਹਾ.) ਹਵਾ ਨਾਲ ਗੱਲਾਂ ਕਰਨਾ

ਵਾਇਆ—(ਪੁ.) ਛੱਤ ਦੇ ਦੋ ਸ਼ਤੀਰਾਂ ਵਿਚਕਾਰਲਾ ਫਾਸਲਾ

ਵਾਇਦਾ (ਲਹਿੰ)—(ਪੁ.) ਵਖਤ, ਮੁਸੀਬਤ (ਨਾ. ਕ੍ਰਿ. ਪਾਣਾ,
ਪੈਣਾ)

ਵ੍ਹਾਈ—(ਪੁ.) ਵਈ (ਬਈ)

ਵ੍ਹਾਈਂ—(ਵਿ. ਬ. ਵ.) ਹਵਾਵਾਂ

'ਵਾਈਆ—(ਪੁ.) ਅਫਵਾਈ (ਨਾ. ਕ੍ਰਿ. ਉਡਣਾ, ਉਡਾਣਾ)

ਵਾਹਣੀਂ ਪੈਣਾ—(ਮੁਹਾ.) ਕੁਰਾਹ ਟੁਰਨਾ

ਵਾਹਲ—(ਵਿ.) ਜ਼ੁੰਮੇਵਾਰੀ

ਵਾਹਲ ਚਾਣੀ—(ਮੁਹਾ.) ਜ਼ੁੰਮੇਵਾਰੀ ਚੁਕਣੀ

ਵਾਕ—(ਪੁ.) ਉਬਾਕ

ਵਾਕਣਾ—(ਕ੍ਰਿ. ਅਕ.) ਉਬਾਕਣਾ

ਵ੍ਹਾਂਕਣਾ—(ਕ੍ਰਿ. ਸਕ.) ਹਵਾਂਕਣਾ

ਵਾਕੀ—(ਵਿ.) ਉਬਾਕ, ਉਲਟੀ

ਵਾਕੇ 'ਚ ਹੋਣਾ—(ਮੁਹਾ.) ਆਖੇ 'ਚ ਹੋਣਾ

ਵਾਕੋਂ ਬਾਹਰਾ—(ਵਿ.) ਆਖੇ ਤੋਂ ਬਾਹਰ

ਵਾਂਗ—(ਵਿ.) ਵਾਗ

ਵਾਂਗਾਂ—(ਵਿ. ਬ. ਵ.) ਵਗਾਂ

ਵਾਛਾਂ ਖੁਲ੍ਹੀ ਜਾਣੀਆਂ—(ਮੁਹਾ.) ਖੁਸ਼ੀ ਨਾਲ ਚਿਹਰਾ ਖਿੜ ਜਾਣਾ

ਵਾਜ ਸਵਾਜ—(ਵਿ.) ਥਿੜਕ, ਥੋਹੜੀ ਜਹੀ ਆਵਾਜ਼

ਵਾਜ ਸਹਾਰਨੀ—(ਮੁਹਾ.) ਥਿੜਕ ਲੈਣੀ

'ਵਾਜਾ—(ਪੁ.) ਅਵਾਜ਼ਾ (ਨਾ. ਕ੍ਰਿ. ਦੇਣਾ, ਮਾਰਨਾ)

ਵਾਂਡਲ—(ਵਿ.) ਵਾਂਢਲ

ਵਾਂਡੇ ਪੈਣੇ—(ਪੁ.) ਗਾਡੇ ਪੈਣੇ

ਵਾਂਢੇ—(ਪੁ. ਬ. ਵ.) ਗਲੇ

ਵਾਂਢਲ—(ਵਿ.) ਵਾਂਢੇ ਆਇਆ ਜਾਂ ਗਿਆ (ਹੋਇਆ)

ਵਾਣਾ ਵਰਤਣਾ—(ਮੁਹਾ.) ਭਾਣਾ ਵਰਤਣਾ, 'ਕੈਸਾ ਕਿਲ੍ਹਾ ਤੇ
ਕੈਸਾ ਬੰਗਲਾ, ਵਰਤ ਗਿਆ ਕੇ ਵਾਣਾ ?'
(ਸੈਫ਼ੁਲ)

ਵਾਂਦ—(ਵਿ.) ਵਿਹਲ (ਨਾ. ਕ੍ਰਿ. ਹੋਣੀ, ਮਿਲਣੀ)

ਵਾਂਦਾ—(ਵਿ.) ਖਾਲੀ, ਵੇਹਲਾ, ਲੱਗਾ

ਵਾਂਦਾ ਹੋਣਾ—(ਮੁਹਾ.) ਖਾਲੀ ਹੋਣਾ

—ਮੁੜਾ ਹੋਵੇ ਭਾਵੇਂ ਕੁੜੀ ਢਿੱਡ ਵਾਂਦਾ ਹੋਵੇ—(ਅਖੌ.)
ਭਾਵ ਸਿੱਟਾ ਭਾਵੇਂ ਕੁਝ ਨਿਕਲੇ ਪਰ ਜਿੰਦ
ਖਲਾਸੀ ਹੋਵੇ

ਵਾਂਦੇ ਕਰਨਾ—(ਮੁਹਾ.) ਨੰਗਿਆਂ ਕਰਨਾ, 'ਤਕ ਤਕ ਅੰਬ ਨਾ
ਕਰਦੇ ਵਾਂਦੇ, ਰੰਗੋ ਲੋਕ ਕਦਾਈਂ'

ਵਾਧਕੂ
ਵਾਧਕੂ ਨਾ } (ਵਿ.) ਵਾਧੂ, ਵਾਧੂ ਦਾ

ਵਾਫਕ—(ਵਿ.) ਵਾਕਫ਼

ਵਾਫਕੀ—(ਵਿ.) ਵਾਕਫ਼ੀ

ਵਾਰ—(ਪੁ.) ਸਨਿੱਚਰਵਾਰ

—ਵਾਰੇਂ—(ਕ੍ਰਿ. ਵਿ.) ਸਨਿੱਚਰਵਾਰ ਨੂੰ

ਵਾਰਾ—(ਪੁ.) ਵਾਰੀ

—ਆਇਆ ਬੀਬੀ ਨਾ ਵਾਰਾ
ਉੱਜੜ ਗਿਆ ਤਖ਼ਤ ਹਜ਼ਾਰਾ } (ਅਖੌ.) ਜਦੋਂ ਕਿਸੇ ਦਾ ਕੰਮ ਬਣਨ ਤੇ ਆਵੇ ਪਰ ਵਿਗੜ ਜਾਏ ਤਾਂ ਕਹਿੰਦੇ ਹਨ

ਵਾਰਾ—(ਪੁ.) ਕੀਲੀ ਦਾ ਕੌਲਾ

ਵਾਵਲੇ—(ਕ੍ਰਿ. ਵਿ.) ਵਾਹੁਲੇ

ਵਾਵੇਲੀਆਂ ਕਰਨੀਆਂ (ਮਾਰਨੀਆਂ)—(ਮੁਹਾ.) ਫਤੂਲੀਆਂ ਮਾਰਨੀਆਂ

ਵਾੜੀ—(ਇ.) ਖੇਤੀ

—ਜਿਵੇਂ ਵਾੜੀ—(ਇ.) ਖੇਤੀ ਬਾੜੀ

ਵਾੜੇ—(ਪੁ. ਬ. ਵ.) ਵੜੇਵੇਂ

ਵਿੱਸਰ ਭੁੱਲੇ—(ਕ੍ਰਿ. ਵਿ.) ਭੁਲ-ਭੁਲੇਖੇ

ਵਿੱਸਣਾ—(ਕ੍ਰਿ. ਅਕ.) ਵਿਸਾਹ ਕਰਨਾ

ਵਿਸਾਹਣਾ—(ਕ੍ਰਿ. ਸਕ.) ਵਿਸਾਹ ਦੇਣਾ, ਵਿਸ਼ਵਾਸ ਕਰਾਉਣਾ

ਵਿਸਾਹੀ ਕੇ ਮਾਰਨਾ—(ਮੁਹਾ.) ਵਿਸ਼ਵਾਸ ਦੇ ਕੇ ਵਿਸ਼ਵਾਸਘਾਤ ਕਰਨਾ, ਚੰਗਾ ਤੇ ਭਲਾਮਾਣਸ ਬਣ ਕੇ ਜਾਂ ਸੱਜਣ ਬਣ ਕੇ ਸੱਟ ਮਾਰਨੀ

ਵਿਸੂਰਾ—(ਪੁ.) ਸੂਰੇਵੱਗਾ

ਵਿਸੂਰਾ ਪਾ ਕੇ ਬਹਿ ਵੈਂਜਣਾ—(ਮੁਹਾ.) ਸੂੰਹਵੱਗਾ ਪਾ ਬਹਿਣਾ

ਵਿਹ—(ਪੁ.) ਵਿਹੜ

ਵਿਹਾਂ—(ਪੁ.) ਬਾਂਸ

ਵਿਹਾਂਜ—(ਇ.) ਸਹੋਤ

ਵਿਹੁ—(ਇ.) ਵਿਸ

ਵਿਹੁਲਾ—(ਵਿ.) ਵਿੱਸ ਵਾਲਾ

ਵਿੰਗ ਵਲਿੱਅਸ—(ਪੁ.) ਵਲ ਵਿੰਗ

ਵਿਚਕਾਰਾ—(ਵਿ.) ਵਿਚਕਾਰਲਾ

ਵਿਚਕਾਰਿਆ—(ਵਿ.) ਵਿਚਕਾਰਲਾ

ਵਿਜਾਹ—(ਪੁ.) ਵਿਆਹ

ਵਿੰਝਾ—(ਵਿ.) ਵਿਨ੍ਹਿਆ ਹੋਇਆ

ਵਿੰਢ—(ਪੁ.) ਖ਼ਾਨਦਾਨ, ਮੁੱਢ (ਘਿਰਣਾ ਨਾਲ ਵਰਤਦੇ ਹਨ)

ਵਿੰਢੀ—(ਵਿ.) ਵਿੰਗ

ਵਿਦਕਰਾ—(ਪੁ.) ਵਿਤਕਰਾ

ਵਿਲੁ—(ਇ.) ਸਿਲੁ

ਵਿਲੰਗਣਾ—(ਪੁ.) ਵਲੰਗਣਾ

ਵਿਲੁਣਾ—(ਕ੍ਰਿ. ਅਕ.) ਸਿਲ੍ਹਣਾ

ਵਿਲ੍ਹਾ—(ਵਿ.) ਸਿਲ੍ਹਾ

ਵਿੜਾਣਾ—(ਕ੍ਰਿ. ਸਕ.) ਮੁਜਰੇ ਕਰਨਾ

ਵਿਤ੍ਰਾਵਾ—(ਪੁ.) ਨਬੇੜਾ

ਵੁਠ੍ਹਾ—(ਕ੍ਰਿ. ਸਕ.) ਵਰ੍ਹਿਆ

ਵੁਤ੍ਰ—(ਇ.) ਵਾਹੀ ਹੋਈ ਪੈਲੀ, ਉਹ ਪੈਲੀ ਜਿਸ ਦੇ ਵਿਚ ਹਲ ਵਾਹਿਆ ਹੋਇਆ ਹੋਵੇ

ਵੁਤ੍ਰਨਾ—(ਕ੍ਰਿ. ਅਕ.) ਵਸਣਾ, ਵਾਹਿਆ ਜਾਣਾ

ਵੇਸਰ—(ਇ.) ਭਾਰੇ ਵਜ਼ਨ ਦੀ ਨੱਥ

ਵੇਸਲ—(ਇ.) ਆਲਸ, ਸੁਸਤੀ

ਵੇਸਲਾ—(ਵਿ.) ਆਲਸੀ

ਵੇਹਰਨਾ—(ਕ੍ਰਿ. ਸਕ.) ਘੇਰਨਾ

ਵੇਟ—(ਪੁ.) ਵੱਟ (ਧਾਗੇ ਆਦਿ ਦਾ)

ਵੇਤਰ—(ਇ.) ਕਾਟ

ਵੇਤਰ ਵੇਤਰ ਖਾਣਾ—(ਮੁਹਾ.) ਵੱਢ ਵੱਢ ਖਾਣਾ

ਵੇਲਾ ਵਖ਼ਤ ਵਿਹਾਣਿਆ
ਤੇ ਹੁੰਦਾ ਪਛਤਾਣਿਆ } (ਅਖੌ.) ਸਮਾਂ ਬੀਤ ਜਾਣ ਤੇ ਪਛਤਾਵਾ ਕਰਨ ਨਾਲ ਕੁਝ ਨਹੀਂ ਬਣਦਾ

ਵੈਲੀ—(ਇ.) ਹਵੇਲੀ

ਵੈ—(ਅਵ.) ੧. ਹੋਵੇ ੨. ਹੈ

ਵੈਣਾ—(ਕ੍ਰਿ. ਅਕ.) ਜਾਣਾ, ਚਲੇ ਜਾਣਾ

— ੦ —

ਸ਼ੁੱਧੀ-ਪੱਤਰ

ਪੰਨਾ	ਕਾਲਮ	ਸਤਰ	ਅਸ਼ੁੱਧ	ਸ਼ੁੱਧ
੨	੨	੯	ਅਸ ਕੀ	ਅਸਾਂ ਕੀ
੩	੨	੧੭	ਅਗੈ ਪਿਛੈ ਭਦਣਾ	ਅਗੈ ਪਿਛੈ ਭਵਣਾ
੪	੧	੧੨	ਅੱਜੈ	ਅੱਜੇ
੪	੧	੧੩	ਅੱਜੈ ਥੀ	ਅੱਜੇ ਹੀ
੭	੨	੩੦	ਇੰਞੇ ਆਰ	ਇੰਞੇ ਆਰ
੮	੨	੬	ਸੱਸ	ਸੱਸ ਨੇ
੯	੧	੨੨	ਮਰਾ	ਮੇਰਾ
੯	੨	੨੨	ਦੂਰ	ਡੂਰ
੯	੨	੩੫	ਸਣਾਵਤ	ਸਣਾਵਤ
੯	੨	੩੬	ਸਣਾਵਤਾਂ	ਸਣਾਵਤਾਂ
੧੦	੨	੧੭	ਲੁਹਾਰਦੀ	ਲੁਹਾਰ ਦੀ
੧੩	੧	੩੫	ਸਾਹਮਣਾ ਸ਼ਲੀਣਾ	ਸਾਹਮਣਾ ਸਲ੍ਹੀਣਾ
੧੬	੧	੪	ਮੇਠਾ	ਮਿੱਠਾ
੧੬	੧	੧੪	ਸੁਆਂ	ਸੁਹਾਂ
੧੯	੨	੨੧	ਰਹਾਮ	ਹਰਾਮ
੨੧	੧	੧੪	ਵਿੰ	ਵਿਚ
੨੧	੧	੩੩	ਕੌਹਮਰੀ	(ਕੋਹਮਰੀ)
੨੧	੨	੧੫	ਉਸੇ ਕ	ਉਸੇ ਕੀ
੨੨	੧	੨੮	ਭੌਜਾ	ਭੋਲਿਆ
੨੩	੧	੬	ਚੌਕਰ	ਚਕੋਰ
੨੩	੧	੯	ਹੌਖਣੀ	ਚੌਖਣੀ
੨੪	੧	੨੭	ਪਲੇਟੀ	ਲਪੇਟੀ
੨੫	੨	੬	ਸੁਰੇਤ	ਸੁਰੋਤ
੨੬	੧	੮	ਕਸ਼ਾ	ਕੋਸ਼ਾ
੨੮	੧	੧੭	ਸਮੱਗੀ	ਸਮੱਗ੍ਰੀ
੨੯	੨	੧੯	ਫਦੂਲ	ਫਜ਼ੂਲ
੩੦	੧	੧੧	ਕੈੜੈ	ਕੈੜੇ
੩੨	੧	੧੯	ਕੜਿੱਕਲ	ਖੜਿੱਕਲ
੪੦	੧	੩੩	ਘਾਹ	ਘਾਰ
੪੧	੨	੩	ਵਜਾਉਣ	ਵਜਾਉਣਾ
੪੫	੧	੧	ਚਹਾਏ	ਚੁਹਾਏਂ
੪੫	੨	੮	ਕਰਨੀ	ਮਰਨੀ
੪੮	੧	੧੩	ਹੋਈਐ	ਹੋਈ ਕੈ
੪੮	੧	੩੪	ਜਲੀਆਂ ਜਾਣਾਂ	ਜੁਦੀਆਂ ਜਾਣਾਂ
੫੫	੧	੧੯	ਬਚਬਾਉਣਾ	ਬਚਾਉਣਾ
੫੫	੨	੨੨	ਸ਼ੂਹ	ਸ਼ੂਹ
੫੯	੨	੫	ਨਮੋਹਾਪਾਨ	ਨਮੋਹਾ ਪਨ
੫੯	੧	੩੧	ਤਬੇਧੀ	ਸਬੰਧੀ
੬੩	੧	੩੬	ਪੜ੍ਹੇ	ਪ੍ਰਹੇ
੬੩	੨	੩੪	ਪੰਸਾ	ਪੈਂਸਾ
੬੫	੧	੨੭	ਛੁਛੜਾ	ਛੁਛੜਾ
੬੫	੨	੧੪	ਛੂਹੇਂ	ਛੂਹ
੬੬	੧	੨੫	ਬਗ	ਬੰਗ
੬੬	੨	੩	ਬੰਟੰਗ	ਬਟੰਗ
੬੭	੨	੨੮	ਸਾਗੇ	ਸਾਗੋ
੬੮	੨	੨੩	ਬੂੱਦਾ	ਬੂੱਦ
੬੯	੧	੨੭	ਬੇਖੱਪਣੀ	ਬੇਖ ਪਟਣੀ
੬੯	੨	੧੫	ਤ੍ਰਾ	ਬੇਤਾ
੭੦	੨	੧	ਛੰਬੇ	ਛੰਬ
੭੫	੨	੧੨	ਆਵਾਜਈ	ਆਵਾਜਾਈ
੭੬	੨	੨੫	ਮਹਿਣਾ	ਮੇਹਣਾ
੭੭	੧	੧੭	ਬਖਵ੍ਹੀ	ਬੇਖਵ੍ਹੀ
੮੪	੧	੨੦	ਬਗਲੋਣਾ	ਬਲੋਗਣਾ